ਅਸੀਂ ਸਿਹਤ ਸਬੰਧੀ ਮੁਸ਼ਕਲਾਂ ਲਈ ਵੱਖ ਵੱਖ ਤਰ੍ਹਾਂ ਦੇ ਹਰਬਲ ਪਾਊਡਰ, ਚਾਹ ਅਤੇ ਤੇਲ ਰੱਖਦੇ ਹਾਂ। ਵਧੇਰੇ ਜਾਣਕਾਰੀ ਲਈ ਸਟੋਰ ਤੇ ਆਉ।

ਆਯੁਰਵੈਦਿਕ ਕੰਸਲਟੈਂਟ ਹਮੇਸ਼ਾ ਉਪਲਬਧ ਹਨ

ਸ਼ਰਾਬ ਪੀਣੀ ਛੱਡਣ ਲਈ ਹਰਬਲ ਦਵਾਈ - ਜੋ ਕਿ ਭੁੱਖ ਵਧਾਉਂਦੀ ਹੈ, ਇਸ ਦਾ ਲਿਵਰ ਤੇ ਕੋਈ ਨੁਕਸਾਨ ਨਹੀਂ ਹੈ

ਸਾਡੇ ਕੋਲ ਆਦਮੀਆਂ ਵਸਤੇ ਸਪੈਸ਼ਲ ਕੈਪਸੂਲ ਆਏ ਹਨ ਜੋ ਕਿ ਵਿਆਗਰਾ ਦੀ ਤਰ੍ਹਾਂ ਕੰਮ ਕਰਦੇ ਹਨ ਅਤੇ ਇਨ੍ਹਾਂ ਦਾ ਅਸਰ 3 ਦਿਨਾਂ ਤੱਕ ਰਹਿੰਦਾ ਹੈ।



ਰੇਖਾ

ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਰੇਖਾ ਜੀ ਨੂੰ ਸੰਪਰਕ ਜ਼ਰੂਰ ਕਰੋ।
UNIT #165-8120-128 St, Surrey, B.C. V3W 1R1
Toll Free : 1-866-507-3350
604-537-7526

25 Years in Business



ਪ੍ਰੋਸਟੇਟ ਦਾ ਇਲਾਜ:
ਵਧੇ ਹੋਏ ਪ੍ਰੋਸਟੇਟ, ਘਟੇ ਹੋਏ ਸਪਰਮ, ਪਿੱਠ ਦਰਦ ਦੇ ਇਲਾਜ਼ ਅਤੇ ਪਿਸ਼ਾਬ ਦੇ ਫਲੋ ਲਈ ਦਵਾਈਆਂ ਉੱਪਲਬਧ ਹਨ

ਸਾਰੇ ਅਸਲੀ ਸੈਣੀ ਹਰਬਲ ਪ੍ਰੋਡਕਟਸ ਸਿਰਫ ਆਯੁਰਹੀਲਿੰਗ ਤੋਂ ਹੀ ਮਿਲਦੇ ਹਨ। ਤੁਸੀਂ ਸਿਰਫ ਰੇਖਾ ਅਤੇ ਰੀਟਾ ਤੋਂ ਹੀ ਖਰੀਦ ਸਕਦੇ ਹੋ।

DHOT LAW CORPORATION

*BARRISTERS & SOLICITORS *NOTARY PUBLIC

• Real Estate & Property • Family Law • Civil Litigation • Business Law • Wills & Estates
• Immigration Law •Criminal Law • Foreclosures • Builders Lien • Landlord/Tenant Disputes

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ



Sahlvind S Dhot

• ਰੀਅਲ ਅਸਟੇਟ & ਪ੍ਰਾਪਰਟੀ • ਫੈਮਿਲੀ ਲਾਅ
• ਸਿਵਲ ਲਿਟੀਗੇਸ਼ਨ •ਬਿਜਨਸ ਲਾਅ •ਕ੍ਰਿਮੀਨਲ ਲਾਅ
• ਵਸੀਅਤ & ਅਸਟੇਟ • ਇੰਮੀਗਰੇਸ਼ਨ ਲਾਅ •ਬਿਲਡਰਜ ਲੀਨ
•ਫੋਰਕਲੋਜਰ • ਮਾਲਕ/ਕਿਰਾਏਦਾਰਾਂ ਦੇ ਵਿਵਾਦ

34 ਸਾਲ ਤੋਂ ਵੱਧ ਦਾ ਤਜਰਬਾ

Lawyers:
Indarpal S Dhot
Khashvind S Dhot
Sahlvind S Dhot

Ph: 604-501-1718
Email:info@dhotlaw.com
8259-120St Delta, BC V4C 6R1



Khashvind S Dhot

imagine SURREY

A CITY THAT WORKS FOR YOU.

OUR PLAN FOR SURREY

SAFE STREETS · FAST COMMUTES · SMART INVESTMENTS · LOWER COSTS · STRONG SERVICES

ELECT THE IMAGINE SURREY TEAM



MIKE STARCHUCK

MAYORAL CANDIDATE


FOR SURREY CITY COUNCIL



YOUSUF ALDABINAH



CHANDAN CHAHAL



PERMINDER CHOHAN



NARIMA DELA CRUZ



ASHIYANA HANIF



WILLIAM LI



MARGARET MUBANDA



KEVIN WILKIE

@mediawaveslive

VOTE OCTOBER 17, 2026

Authorized by S. Rama Polepeddi, Financial Agent for Imagine Surrey.

ਵਰਲਡ ਸਿੱਖ ਪਾਰਲੀਮੈਂਟ ਵੱਲੋਂ ਨਸ਼ਾ ਵਿਰੋਧੀ ਕਾਰਕੁਨ ਪਰਮਿੰਦਰ ਸਿੰਘ ਝੋਟੇ ਦੇ ਕਤਲ ਦੀ ਸਖ਼ਤ ਨਿੰਦਾ, ਭਗਵੰਤ ਮਾਨ ਸਰਕਾਰ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਚੁੱਕੇ ਗੰਭੀਰ ਸਵਾਲ



ਫਰੈਕਫੋਰਟ:ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ (ਅਮਰੀਕਾ), ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਜਤਿੰਦਰ ਸਿੰਘ (ਜਰਮਨੀ), ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ (ਇੰਗਲੈਂਡ), ਭਾਈ ਮਨਬੀਰ ਸਿੰਘ ਸੰਧੂ, ਭਾਈ ਭਗਤ ਸਿੰਘ (ਕੈਨੇਡਾ), ਭਾਈ ਪ੍ਰਿਤਪਾਲ ਸਿੰਘ (ਸਵਿਟਜ਼ਰਲੈਂਡ), ਭਾਈ ਹਰਜੋਤ ਸਿੰਘ ਸੰਧੂ (ਹਾਲੈਂਡ), ਭਾਈ ਸਤਨਾਮ ਸਿੰਘ ਅਤੇ ਭਾਈ ਸ਼ਿੰਗਾਰਾ ਸਿੰਘ ਮਾਨ (ਫਰਾਂਸ) ਨੇ ਇੱਕ ਸਾਂਝੇ ਬਿਆਨ ਰਾਹੀਂ

ਨਸ਼ਿਆਂ ਵਿਰੁੱਧ ਜ਼ਮੀਨੀ ਪੱਧਰ 'ਤੇ ਸੰਘਰਸ਼ ਕਰਨ ਵਾਲੇ ਕਾਰਕੁਨ ਪਰਮਿੰਦਰ ਸਿੰਘ ਝੋਟੇ ਦੇ ਸ਼ਰੇਆਮ ਹੋਏ ਕਤਲ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪਰਲੀਮੈਂਟ ਨੇ ਇਸ ਘਟਨਾ ਨੂੰ ਪੰਜਾਬ ਦੀ ਜ਼ਮੀਰ ਨੂੰ ਝੰਜੋੜਨ ਵਾਲੀ ਕਰਾਰ ਦਿੰਦਿਆਂ ਕਿਹਾ ਹੈ ਕਿ ਜੇਕਰ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕ ਹੀ ਸੁਰੱਖਿਅਤ ਨਹੀਂ ਹਨ, ਤਾਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੌਣ ਬਚਾਏਗਾ?

ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਮੈਡੀਕਲ ਸਟੋਰ ਉੱਤੇ ਕਥਿਤ ਤੌਰ 'ਤੇ ਨਸ਼ੀਲੇ ਪਦਾਰਥ ਵੇਚੇ ਜਾਣ ਦਾ ਵਿਰੋਧ ਕਰਨ ਦੌਰਾਨ, ਮੈਡੀਕਲ ਸਟੋਰ ਦੇ ਸੰਚਾਲਕ ਅਸ਼ਵਨੀ ਕੁਮਾਰ ਵੱਲੋਂ ਪਰਮਿੰਦਰ ਸਿੰਘ ਝੋਟੇ ਨੂੰ ਲੋਕਾਂ ਦੇ ਸਾਹਮਣੇ ਗੋਲੀ ਮਾਰ ਦਿੱਤੀ ਗਈ। ਵਰਲਡ ਸਿੱਖ ਪਾਰਲੀਮੈਂਟ ਦਾ ਮੰਨਣਾ ਹੈ ਕਿ ਇਹ ਕੇਵਲ ਇੱਕ ਵਿਅਕਤੀ ਦਾ ਕਤਲ ਨਹੀਂ, ਸਗੋਂ ਨਸ਼ਿਆਂ ਵਿਰੁੱਧ ਉੱਠ ਰਹੀ ਲੋਕ ਆਵਾਜ਼ ਨੂੰ ਦਹਿਸ਼ਤ ਰਾਹੀਂ ਚੁੱਪ ਕਰਵਾਉਣ ਦੀ ਬੇਹੱਦ ਗੰਭੀਰ ਅਤੇ ਘਿਨੌਣੀ ਕੋਸ਼ਿਸ਼ ਹੈ।ਵਰਲਡ ਸਿੱਖ ਪਾਰਲੀਮੈਂਟ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ, "ਦੇਸ਼ ਪੰਜਾਬ ਅੱਜ ਇੱਕ ਅਜਿਹੇ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਨਸ਼ਿਆਂ ਦਾ ਜਾਲ ਸਾਡੀ ਜਵਾਨੀ, ਪਰਿਵਾਰਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਤਬਾਹ ਕਰ ਰਿਹਾ ਹੈ। ਪੰਜਾਬ ਦੇ ਪਿਛਲੇ ਕਈ ਦਹਾਕਿਆਂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੈ ਕਿ ਭਾਰਤੀ ਹਕੂਮਤ ਦੀਆਂ ਨੀਤੀਆਂ ਨੇ ਪੰਜਾਬ ਨੂੰ ਹਮੇਸ਼ਾ ਡੂੰਘੇ ਸੰਕਟ ਵਿੱਚ ਧੱਕਿਆ ਹੈ। ਪਹਿਲਾਂ ਪੰਜਾਬ ਦੇ ਅਣਖੀਲੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ, ਜੇਲ੍ਹਾਂ ਵਿੱਚ ਡੱਕਿਆ ਗਿਆ ਜਾਂ ਜਲਾਵਤਨ ਕੀਤਾ ਗਿਆ, ਅਤੇ ਹੁਣ ਰਹਿੰਦੀ ਜਵਾਨੀ ਨੂੰ ਨਸ਼ਿਆਂ ਦੀ ਭਿਆਨਕ ਮਾਰ ਹੇਠ ਲਿਆਂਦਾ ਗਿਆ ਹੈ।"ਵਰਲਡ ਸਿੱਖ ਪਾਰਲੀਮੈਂਟ ਨੇ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਇੰਨੇ ਵੱਡੇ ਪੱਧਰ ਉੱਤੇ ਫੈਲਣਾ ਸਿਰਫ਼ ਕੁਝ ਵਿਅਕਤੀਆਂ ਦੀ ਅਪਰਾਧਿਕ ਸਰਗਰਮੀ ਨਹੀਂ, ਸਗੋਂ ਇਹ ਸਰਕਾਰਾਂ ਦੀਆਂ ਨੀਤੀਆਂ, ਪ੍ਰਸ਼ਾਸਨਿਕ ਨਾਕਾਮੀਆਂ ਅਤੇ ਸਿਆਸੀ ਤੇ ਪੁਲਿਸ ਸਰਪ੍ਰਸਤੀ ਦਾ ਨਤੀਜਾ ਹੈ।

ਜਦੋਂ ਨਸ਼ਿਆਂ ਦੇ ਵਪਾਰੀ ਬੇਖ਼ੌਫ਼ ਹੋ ਜਾਣ ਅਤੇ ਇਨਸਾਫ਼ ਦੀ ਆਵਾਜ਼ ਉਠਾਉਣ ਵਾਲੇ ਡਰ ਦੇ ਸਾਏ ਹੇਠ ਜੀਣ ਲਈ ਮਜਬੂਰ ਹੋਣ, ਤਾਂ ਸਮੁੱਚੇ ਰਾਜ ਪ੍ਰਬੰਧ ਹੀ ਕਟਿਹਰੇ ਵਿੱਚ ਖੜ੍ਹਾ ਹੋ ਜਾਂਦਾ ਹੈ ।

ਜੇਕਰ ਭਗਵੰਤ ਮਾਨ ਸਰਕਾਰ ਵੱਲੋਂ ਪਰਮਿੰਦਰ ਸਿੰਘ ਝੋਟੇ ਦੇ ਕਾਤਲ ਅਸ਼ਵਨੀ ਨੂੰ ਤੁਰੰਤ ਮਿਸਾਲੀ ਸਜ਼ਾ ਨਾ ਦਿੱਤੀ, ਨਸ਼ਾ-ਤਸਕਰਾਂ ਦੀ ਪੁਸ਼ਤ-ਪਨਾਹੀ ਕਰਨ ਵਾਲੇ ਸਿਆਸੀ ਤੇ ਪ੍ਰਸ਼ਾਸਨਿਕ ਮਗਰਮੱਛਾਂ ਨੂੰ ਨੰਗਾ ਨਾ ਕੀਤਾ, ਅਤੇ ਨਸ਼ਿਆਂ ਖ਼ਿਲਾਫ਼ ਜੂਝ ਰਹੇ ਹਰ ਕਾਰਕੁਨ ਦੀ ਸੁਰੱਖਿਆ ਯਕੀਨੀ ਨਾ ਬਣਾਈ ਤੇ ਜੇਕਰ ਹਕੂਮਤ ਆਪਣੀ ਇਸ ਮੁੱਢਲੀ ਜ਼ਿੰਮੇਵਾਰੀ ਤੋਂ ਭੱਜਦੀ ਹੈ, ਤਾਂ ਉਸਦੀ ਇਸ ਅਪਰਾਧੀ ਚੁੱਪ ਨੂੰ ਕਾਤਲਾਂ ਅਤੇ ਨਸ਼ੇ ਦੇ ਸੌਦਾਗਰਾਂ ਨਾਲ ਸਿੱਧੀ ਮਿਲੀਭੁਗਤ ਹੀ ਮੰਨਿਆ ਜਾਵੇਗਾ!ਅੰਤ ਵਿੱਚ, ਵਰਲਡ ਸਿੱਖ ਪਾਰਲੀਮੈਂਟ ਨੇ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਇਹ ਸਮਾਂ ਚੁੱਪ ਰਹਿਣ ਦਾ ਨਹੀਂ ਹੈ। ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣਾ ਪੰਜਾਬ ਦੀ ਹੋਂਦ, ਅਣਖ ਅਤੇ ਭਵਿੱਖ ਨੂੰ ਬਚਾਉਣ ਦਾ ਸੰਘਰਸ਼ ਹੈ। ਹਰ ਇਨਸਾਫ਼ਪਸੰਦ, ਅਣਖੀਲੇ ਅਤੇ ਜਾਗਦੀ ਜ਼ਮੀਰ ਵਾਲੇ ਪੰਜਾਬੀ ਨੂੰ ਆਪਸੀ ਵਖਰੇਵਿਆਂ ਤੋਂ ਉੱਪਰ ਉੱਠ ਕੇ, ਲੋਕਤੰਤਰੀ ਅਤੇ ਸ਼ਾਂਤਮਈ ਢੰਗ ਨਾਲ ਆਪਣੀ ਆਵਾਜ਼ ਸਰਕਾਰ ਅਤੇ ਨਸ਼ਿਆਂ ਵਿਰੁੱਧ ਬੁਲੰਦ ਕਰਨੀ ਚਾਹੀਦੀ ਹੈ।

ਭਾਰਤੀ ਸਰਹੱਦ ਨੇੜੇ ਚੀਨ-ਪਾਕਿਸਤਾਨ ਦੀ ਸਾਂਝੀ ਫੌਜ ਸਿਖਲਾਈ

ਬੀਜਿੰਗ: ਚੀਨ ਅਤੇ ਪਾਕਿਸਤਾਨ ਦੀਆਂ ਫੌਜਾਂ ਨੇ ਸਾਂਝੇ ਫੌਜੀ ਸਿਖਲਾਈ ਅਭਿਆਸ ਸ਼ੁਰੂ ਕੀਤੇ ਹਨ। ਕਾਰਾਕੋਰਮ 2026 ਨਾਮਕ ਇਹ ਅਭਿਆਸ 14 ਅਕਤੂਬਰ ਨੂੰ ਚੀਨ ਦੇ ਉੱਤਰ-ਪੱਛਮੀ ਸ਼ਿਨਜਿਆਂਗ ਦੇ ਕੋਰਲਾ ਵਿੱਚ ਸਿਖਲਾਈ ਬੇਸ ਵਿਖੇ ਇੱਕ ਉਦਘਾਟਨ ਸਮਾਰੋਹ ਨਾਲ ਸ਼ੁਰੂ ਹੋਇਆ ਸੀ। ਇਹ ਦੋਵਾਂ ਦੇਸ਼ਾਂ ਦੀਆਂ ਨਿਯਮਤ ਫੌਜਾਂ ਵਿਚਕਾਰ ਪਹਿਲਾ ਸਾਂਝਾ ਸਿਖਲਾਈ ਅਭਿਆਸ ਹੈ। ਇਸ ਤੋਂ ਪਹਿਲਾਂ, ਦੋਵਾਂ ਦੇਸ਼ਾਂ ਦੀਆਂ ਵਿਸ਼ੇਸ਼ ਫੌਜਾਂ ਨੇ ਸਾਂਝੇ ਅਭਿਆਸ ਕੀਤੇ ਹਨ। ਇਹ ਅਭਿਆਸ ਭਾਰਤ ਦੀ ਸਰਹੱਦ ਨਾਲ ਲੱਗਦੇ ਸੂਬੇ ਸ਼ਿਨਜਿਆਂਗ ਵਿੱਚ ਹੋ ਰਿਹਾ ਹੈ।

ਇਸ ਸੰਯੁਕਤ ਅਭਿਆਸ ਵਿੱਚ ਡਰੋਨ ਓਪਰੇਸ਼ਨ, ਟਾਰਗੇਟ ਐਂਗੇਜਮੈਂਟ ਅਤੇ ਲੰਬੀ ਦੂਰੀ ਦੀ ਸਨਾਈਪਿੰਗ ਵਿੱਚ ਸਿਖਲਾਈ ਸ਼ਾਮਲ ਹੈ, ਜੋ ਉੱਚ-ਉਚਾਈ ਵਾਲੇ ਖੇਤਰਾਂ ਵਿੱਚ ਸੰਯੁਕਤ ਕਾਰਵਾਈਆਂ 'ਤੇ ਕੇਂਦ੍ਰਿਤ ਹੈ। ਇਹ ਦੋਵਾਂ ਦੇਸ਼ਾਂ ਵਿਚਕਾਰ ਪਹਿਲੀ ਸਾਂਝੀ ਫੌਜੀ ਸਿਖਲਾਈ ਹੈ,ਜੋ ਆਪਸੀ ਸਹਿਯੋਗ ਨੂੰ ਡੂੰਘਾ ਕਰਨ ਅਤੇ ਦੋਵਾਂ ਫੌਜਾਂ ਵਿਚਕਾਰ ਅੰਤਰ-ਕਾਰਜਸ਼ੀਲਤਾ ਨੂੰ ਮਜ਼ਬੂਤ ਕਰਨ ਲਈ ਤਿਆਰ ਕੀਤੀ ਗਈ ਹੈ।

ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ

ਵਕੀਲ ਅਤੇ ਨੋਟਰੀ ਪਬਲਿਕ

778 835 8455

#201-13049 76th Avenue, Surrey BC V3W2V7

www.rainalaw.com Email : craina@rainalaw.com

ਪੰਜਾਬ ਗਾਰਡੀਅਨ ਸੰਪਾਦਕੀ

ਪਰਵਿੰਦਰ ਸਿੰਘ ਝੋਟੇ ਦਾ ਸਰਕਾਰੀ ਤੇ ਸਿਆਸੀ ਕਤਲ

ਪਰਵਿੰਦਰ ਸਿੰਘ ਝੋਟੇ ਨੂੰ ਮਰਵਾ ਕੇ ਹਕੂਮਤੀ ਸਿਸਟਮ ਨੇ ਪੰਜਾਬ ਦੇ ਲੋਕਾਂ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਜੇ ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਓਗੇ ਤਾਂ ਇਸੇ ਤਰ੍ਹਾਂ ਮਾਰੇ ਜਾਓਗੇ। ਸਰਕਾਰ ਨੇ ਪੰਜਾਬ ਵਿੱਚੋਂ ਨਸ਼ਾ ਖ਼ਤਮ ਨਹੀਂ ਕਰਨਾ, ਪੰਜਾਬ ਦੇ ਪੁੱਤ ਖ਼ਤਮ ਕਰਨੇ ਹਨ। ਪਰ ਸਰਕਾਰ ਇਹ ਗੱਲ ਯਾਦ ਰੱਖੇ ਕਿ ਖਾੜਕੂਵਾਦ ਵੇਲੇ ਵੀ ਜਦੋਂ ਇੱਕ ਸਿੰਘ ਮਰਦਾ ਸੀ ਤਾਂ ਚਾਰ ਜਣੇ ਹੋਰ ਸ਼ਹੀਦ ਹੋਣ ਲਈ ਉੱਠ ਖੜ੍ਹਦੇ ਸਨ। ਪੰਜਾਬ ਦੇ ਲੋਕਾਂ ਅਤੇ ਜਵਾਨੀ ਨੇ ਚੁੱਪ ਕਰਕੇ ਨਹੀਂ ਬਹਿਣਾ; ਸੰਘਰਸ਼ ਜਾਰੀ ਰਹਿਣਾ ਹੈ। ਝੋਟੇ ਦਾ ਕਤਲ ਸਿਰਫ਼ ਅਸ਼ਵਨੀ ਕੁਮਾਰ ਨੇ ਨਹੀਂ, ਸਗੋਂ ਭਗਵੰਤ ਮਾਨ ਦੀ ਗੰਧਲੀ ਸਰਕਾਰ ਨੇ ਕੀਤਾ ਹੈ। ਪੰਜਾਬ ਦੇ ਲੋਕ ਇਸ ਦਾ ਬਦਲਾ ਜ਼ਰੂਰ ਲੈਣਗੇ। ਇੱਕ ਦੋਸ਼ੀ ਅਸ਼ਵਨੀ ਕੁਮਾਰ ਦੀ ਗ੍ਰਿਫ਼ਤਾਰੀ ਨਾਲ ਪਰਵਿੰਦਰ ਸਿੰਘ ਝੋਟੇ ਨੂੰ ਇਨਸਾਫ਼ ਨਹੀਂ ਮਿਲਣਾ। ਇੱਥੇ ਪਤਾ ਨਹੀਂ ਅਸ਼ਵਨੀ ਵਰਗੇ ਕਿੰਨੇ ਨਸ਼ਿਆਂ ਦੇ ਸੌਦਾਗਰ ਤੁਰੇ ਫਿਰਦੇ ਹਨ, ਜਿਨ੍ਹਾਂ ਨੂੰ ਸਰਕਾਰਾਂ, ਮੰਤਰੀਆਂ ਅਤੇ ਪੁਲਿਸ ਦੀ ਸ਼ਹਿ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦਾ ਜ਼ੋਰ ਲੱਗਿਆ ਪਿਆ ਹੈ ਕਿ ਅਣਖੀਲੇ ਪੰਜਾਬ ਨੂੰ ਨਸ਼ਿਆਂ ਵਾਲਾ ਪੰਜਾਬ ਬਣਾਉਣਾ ਹੈ। ਪ੍ਰੋਫ਼ੈਸਰ ਪੂਰਨ ਸਿੰਘ ਨੇ ਲਿਖਿਆ ਸੀ ਕਿ " ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ।" ਪਰ ਅੱਜ ਸਰਕਾਰਾਂ ਗੁਰੂਆਂ, ਸੂਰਬੀਰਾਂ, ਸ਼ਹੀਦਾਂ ਅਤੇ ਯੋਧਿਆਂ ਦੇ ਪੰਜਾਬ ਨੂੰ ਨਸ਼ਿਆਂ ਰਾਹੀਂ ਖ਼ਤਮ ਕਰਨਾ ਚਾਹੁੰਦੀਆਂ ਹਨ। ਪਹਿਲਾਂ ਸਰਕਾਰ ਨੇ ਪੰਜਾਬ ਅਤੇ ਸਿੱਖ ਕੌਮ ਦੀ ਨੌਜਵਾਨੀ ਨੂੰ ਟੈਂਕਾਂ, ਤੋਪਾਂ, ਬੰਬਾਂ ਅਤੇ ਮਸ਼ੀਨਗੰਨਾਂ ਨਾਲ ਮਾਰਿਆ, ਫਿਰ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਮਾਰਿਆ, ਫਿਰ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਇੱਕ ਲੱਖ ਤੋਂ ਵੱਧ ਨੌਜਵਾਨਾਂ ਦਾ ਘਾਣ ਕੀਤਾ ਤੇ ਹੁਣ ਨਸ਼ਿਆਂ ਰਾਹੀਂ ਪੰਜਾਬ ਦੀ ਨੌਜਵਾਨੀ ਨੂੰ ਮਾਰਿਆ ਜਾ ਰਿਹਾ ਹੈ। ਪਰ ਪਰਵਿੰਦਰ ਸਿੰਘ ਝੋਟੇ ਨੂੰ ਮਰਵਾ ਕੇ ਸਰਕਾਰ ਇਹ ਨਾ ਸਮਝ ਲਵੇ ਕਿ ਗੱਲ ਖ਼ਤਮ ਹੋ ਗਈ ਹੈ।ਗੁਰੂ ਦੇ ਸਿੰਘ ਫਿਰ ਉੱਠਣਗੇ, ਕੋਈ ਨਾ ਕੋਈ ਯੋਧਾ ਆਪਣਾ ਫ਼ਰਜ਼ ' ਦੇ ਨਿਭਾਉਂਦਾ ਰਹੇਗਾ। ਸਰਕਾਰਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਖ਼ਿਲਾਫ਼ ਲੋਕ ਚੁੱਪ ਨਹੀਂ ਰਹਿਣਗੇ। ਪਰਵਿੰਦਰ ਸਿੰਘ ਦੀ ਮੌਤ ਇੱਕ ਕ੍ਰਾਂਤੀ ਲਿਆਏਗੀ। ਅੱਜ ਜਿਹੜੇ ਸਿਆਸੀ ਨੇਤਾ, ਪੁਲਿਸ ਅਫ਼ਸਰ ਅਤੇ ਨਸ਼ਿਆਂ ਦੇ ਸੌਦਾਗਰ ਬੜੀ ਸਾਜ਼ਿਸ਼ ਤਹਿਤ ਪੰਜਾਬ ਦੇ ਪੁੱਤਾਂ ਨੂੰ ਮਰਵਾਉਣ ਦਾ ਕਾਰਨ ਬਣ ਰਹੇ ਹਨ, ਇੱਕ ਦਿਨ ਇਹ ਵੀ ਰੜਕ- ਰੜਕ ਕੇ ਮਰਨਗੇ। ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਵੀ ਯਾਦ ਰੱਖੇ। ਪਰਵਿੰਦਰ ਸਿੰਘ ਝੋਟੇ ਦਾ ਕਤਲ ਕਰਨ ਵਾਲੇ ਮੈਡੀਕਲ ਸਟੋਰ ਮਾਲਕ ਅਸ਼ਵਨੀ ਕੁਮਾਰ ਕੋਲ ਰਿਵਾਲਵਰ ਸੀ। ਅਜਿਹੇ ਦਾਗ਼ੀ ਵਿਅਕਤੀਆਂ ਨੂੰ ਤਾਂ ਸਰਕਾਰ ਹਥਿਆਰ ਦਿੰਦੀ ਹੈ, ਪਰ ਜਿਹੜੇ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਹਨ, ਉਨ੍ਹਾਂ ਦੀ ਸੁਰੱਖਿਆ ਦਾ ਸਰਕਾਰ ਕੋਈ ਜ਼ਿੰਮਾ ਨਹੀਂ ਲੈਂਦੀ। ਉਸ ਅਸ਼ਵਨੀ ਕੁਮਾਰ ਖ਼ਿਲਾਫ਼ ਨਸ਼ੇ ਵੇਚਣ ਦੀਆਂ ਪਹਿਲਾਂ ਵੀ ਕਈ ਸ਼ਿਕਾਇਤਾਂ ਦਿੱਤੀਆਂ ਗਈਆਂ ਸਨ। ਸਭ ਕੁਝ ਜਾਣਦੇ ਹੋਣ ਦੇ ਬਾਵਜੂਦ ਵੀ ਸਰਕਾਰ ਉਸ ਨੂੰ ਹੱਲਾਸ਼ੇਰੀ ਦੇ ਰਹੀ ਸੀ। ਸ਼ਰ੍ਹੇਆਮ ਧੜਾਧੜ ਨਸ਼ਾ ਵਿਕ ਰਿਹਾ ਸੀ। ਜੇ ਪਰਵਿੰਦਰ ਸਿੰਘ ਝੋਟਾ ਉਸ ਨੂੰ ਰੰਗੇ ਹੱਥੀਂ ਫੜ ਸਕਦਾ ਸੀ ਤਾਂ ਫਿਰ ਪੁਲਿਸ ਨੇ ਕਿਉਂ ਅੱਖਾਂ ਮੀਚੀਆਂ ਹੋਈਆਂ ਸਨ ? ਭਗਵੰਤ ਮਾਨ ਸਰਕਾਰ ਜੇਕਰ ਨਸ਼ਾ ਨਹੀਂ ਰੋਕ ਸਕਦੀ ਤਾਂ ਫਿਰ ਢੋਂਗ ਕਿਉਂ ਰਚਦੀ ਹੈ ? ਸਗੋਂ ਪੰਜਾਬ ਦੇ ਲੋਕਾਂ ਨੂੰ ਸਿੱਧਾ ਦੱਸੇ ਕਿ ਮੁੱਖ ਮੰਤਰੀ ਦੇ ਹੱਥ ਵਿੱਚ ਵੀ ਨਸ਼ਾ ਰੋਕਣ ਦੀ ਤਾਕਤ ਨਹੀਂ ਹੈ ! ਪਰਵਿੰਦਰ ਸਿੰਘ ਦੇ ਕਤਲ ਨੂੰ ਨਿੱਜੀ ਦੁਸ਼ਮਣੀ, ਆਪਸੀ ਰੰਜਿਸ਼ ਜਾਂ ਨਿੱਜੀ ਝਗੜੇ ਨਾਲ ਜੋੜਨਾ ਸਰਕਾਰ ਦੀ ਬੇਈਮਾਨੀ ਅਤੇ ਮੂਰਖਤਾ ਹੋਵੇਗੀ। ਉਸ ਦਾ ਕਤਲ ਨਸ਼ਾ ਵੇਚਣ ਦਾ ਵਿਰੋਧ ਕਰਨ ਕਰਕੇ ਹੋਇਆ ਹੈ। ਪਰ ਇਹ ਇਕੱਲੇ ਪਰਵਿੰਦਰ ਸਿੰਘ ਝੋਟੇ ਦਾ ਹੀ ਕਤਲ ਨਹੀਂ, ਬਲਕਿ ਪੂਰੇ ਪੰਜਾਬ ਦਾ ਕਤਲ ਹੈ।ਉਹ ਸੱਚਮੁੱਚ ਹੀ ਜ਼ਮੀਨੀ ਪੱਧਰ ਉੱਤੇ ਨਸ਼ਿਆਂ ਖ਼ਿਲਾਫ਼ ਇੱਕ ਯੁੱਧ ਲੜ ਰਿਹਾ ਸੀ ਤੇ ਉਹ ਬੜੀ ਬਹਾਦਰੀ, ਦਲੇਰੀ ਅਤੇ ਜੁਰਅਤ ਵਿਖਾਉਂਦਾ ਹੋਇਆ ਮਾਰਿਆ ਗਿਆ। ਪੰਜਾਬ ਦੇ ਪੁੱਤਾਂ ਨੂੰ ਬਚਾਉਂਦਾ-ਬਚਾਉਂਦਾ ਝੋਟਾ ਖ਼ੁਦ ਜਾਨ ਦੀ ਬਾਜ਼ੀ ਲਾ ਗਿਆ। ਪਰਵਿੰਦਰ ਸਿੰਘ ਝੋਟੇ ਦੀ ਤਸਵੀਰ ਵੇਖ ਕੇ ਗੱਚ ਭਰ ਆਉਂਦਾ ਹੈ। ਉਹ ਪੰਜਾਬ ਦੀ ਜਵਾਨੀ ਦਾ ਦਰਦ ਲੈ ਕੇ ਤੁਰਨ ਵਾਲਾ ਗੱਭਰੂ ਸੀ। ਜਿਨ੍ਹਾਂ ਮਾਵਾਂ ਦੇ ਪੁੱਤ ਨਸ਼ਿਆਂ ਨੇ ਖੋਹ ਲਏ, ਉਹ ਉਨ੍ਹਾਂ ਦੀ ਪੀੜ ਸਮਝਦਾ ਸੀ। ਪਰ ਦੂਜਿਆਂ ਦੇ ਪੁੱਤ ਬਚਾਉਣ ਲਈ ਖੜ੍ਹਾ ਹੋਇਆ ਇਹ ਪੁੱਤ ਆਪ ਗੋਲੀਆਂ ਦੀ ਭੇਟ ਚੜ੍ਹ ਗਿਆ। ਮਾਨਸਾ ਵਿੱਚ ਝੋਟੇ ਦਾ ਕਤਲ ਪੰਜਾਬ ਦੇ ਸਰਕਾਰੀ ਪ੍ਰਬੰਧ ਉੱਤੇ ਵੱਡਾ ਸਵਾਲ ਹੈ।'ਯੁੱਧ ਨਸ਼ਿਆਂ ਵਿਰੁੱਧ' ਦੇ ਨਾਅਰੇ ਲਾਉਣ ਵਾਲਿਓ, ਪੰਜਾਬ ਦੀਆਂ ਮਾਵਾਂ ਨੂੰ ਦੱਸੋ ਕਿ ਇਸ ਯੁੱਧ ਵਿੱਚ ਉਨ੍ਹਾਂ ਦੇ ਪੁੱਤ ਕਿਉਂ ਮਰ ਰਹੇ ਹਨ ? ਮੁੱਖ ਮੰਤਰੀ ਭਗਵੰਤ ਮਾਨ ਦੀਆਂ ਤਸਵੀਰਾਂ ਵਾਲੇ ਇਸ਼ਤਿਹਾਰਾਂ ਨਾਲ ਕਿਸੇ ਮਾਂ ਦੀ ਝੋਲੀ ਮੁੜ ਨਹੀਂ ਭਰਨੀ। ਵੱਡੇ ਭਾਸ਼ਣਾਂ ਨਾਲ ਕਿਸੇ ਭੈਣ ਦਾ ਵੀਰ ਵਾਪਸ ਨਹੀਂ ਆਉਣਾ। ਜਿਹੜੀ ਮੁਹਿੰਮ ਨਸ਼ਿਆਂ ਖ਼ਿਲਾਫ਼ ਡਟੇ ਬੰਦੇ ਨੂੰ ਵੀ ਸੁਰੱਖਿਆ ਨਹੀਂ ਦੇ ਸਕਦੀ, ਉਸ ਸਰਕਾਰ ਦੀ ਕਾਮਯਾਬੀ ਦੇ ਦਾਅਵਿਆਂ ਉੱਤੇ ਲੋਕ ਸਵਾਲ ਕਿਉਂ ਨਾ ਕਰਨ ? ਇਹ ਸਰਕਾਰੀ ਅਤੇ ਸਿਆਸੀ ਕਤਲ ਹੈ, ਜੋ ਸਰਕਾਰ ਦੇ ਨਾਕਾਮ ਸਿਸਟਮ ਦੀ ਦੇਣ ਹੈ।

-ਰਣਜੀਤ ਸਿੰਘ

ਖਾਮੋਸ਼ ਪ੍ਰਦਰਸ਼ਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਸਕ ਪਹਿਨੀ ਮੁਟਿਆਰਾਂ ਦੇ ਇੱਕ ਗਰੁੱਪ ਨੇ ਮੰਗਲਵਾਰ ਦੀ ਰਾਤ ਚੇਨੱਈ ਦੇ ਕਾਠੀਪਾਰਾ ਇਲਾਕੇ ਵਿੱਚ ਇੱਕ ਖਾਮੋਸ਼ ਪ੍ਰੋਟੈੱਸਟ ਕੀਤਾ । ਉਹ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਨ ਵਾਲੀਆਂ ਤਖਤੀਆਂ ਫੜੀ ਵਿਅਸਤ ਫੂਡ ਕੋਰਟ ਵਿੱਚੋਂ ਲੰਘੀਆਂ । ਉਨ੍ਹਾਂ ਨੇ ਦਿੱਲੀ ਵਿੱਚ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਕਰ ਰਹੇ ਲੋਕਾਂ 'ਤੇ ਪੁਲਸ ਕਾਰਵਾਈ ਦੀ ਨਿੰਦਾ ਕੀਤੀ । ਉਨ੍ਹਾਂ ਦੋਸ਼ ਲਗਾਇਆ ਕਿ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਵਿਰੁੱਧ ਰਾਜ ਸ਼ਕਤੀ ਦੀ ਵਰਤੋਂ ਇੱਕ ਅਣਐਲਾਨੀ ਐਮਰਜੈਂਸੀ ਦੇ ਬਰਾਬਰ ਹੈ । ਸੱਭਿਆਚਾਰਕ ਅਤੇ ਸਿਆਸੀ ਕਾਰਕੁੰਨ ਰਾਧਿਕਾ ਗਣੇਸ਼ ਨੇ ਕਿਹਾ, ''ਇਹ ਵਿਰੋਧ ਪ੍ਰਦਰਸ਼ਨ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਸੀ । ਅਸੀਂ ਸ਼ਾਂਤਮਈ ਪ੍ਰਦਰਸ਼ਨਕਾਰੀਆਂ ਵਿਰੁੱਧ ਸਰਕਾਰ ਦੀ ਬੇਰਹਿਮੀ 'ਤੇ ਸਵਾਲ ਉਠਾਏ, ਜੋ ਕਿ ਸਾਡਾ ਮੰਨਣਾ ਹੈ ਕਿ ਗੈਰ-ਵਾਜਬ ਹੈ । ਪਿਛਲੇ ਹਫਤੇ ਬਸੰਤ ਨਗਰ ਵਿਖੇ ਵੀ ਅਜਿਹਾ ਪ੍ਰਦਰਸ਼ਨ ਕੀਤਾ ਸੀ । ਅਸੀਂ ਜਨਤਕ ਥਾਵਾਂ 'ਤੇ ਛੋਟੇ ਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਹਾਂ । ਸਾਡਾ ਉਦੇਸ਼ ਵੱਡੀਆਂ ਰੈਲੀਆਂ ਜਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਉੱਤੇ ਨਿਰਭਰ ਕਰਨ ਦੀ ਬਜਾਏ ਰੋਜ਼ਾਨਾ ਦੀ ਜਨਤਕ ਗੱਲਬਾਤ ਵਿੱਚ ਮੁੱਦੇ ਨੂੰ ਲਿਆਉਣਾ ਹੈ ।''

ਹਾਲਾਂਕਿ ਵੋਟ ਚੋਰੀ ਖਿਲਾਫ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਪ੍ਰਦਰਸ਼ਨ ਹੋ ਰਹੇ ਹਨ, ਚੇਨੱਈ ਦੇ ਲੋਕਾਂ ਦਾ ਪ੍ਰਦਰਸ਼ਨ ਕਰਨ ਦਾ ਇਹ ਢੰਗ ਨਿਵੇਕਲਾ ਹੈ । ਵੱਡੀਆਂ ਰੈਲੀਆਂ ਕਰਨ ਲਈ ਕਾਫੀ ਤਿਆਰੀ ਕਰਨੀ ਪੈਂਦੀ ਹੈ । ਸ਼ਹਿਰਾਂ ਦੇ ਵਿਅਸਤ ਇਲਾਕਿਆਂ 'ਚ ਅਜਿਹੇ ਖਾਮੋਸ਼ ਪ੍ਰਦਰਸ਼ਨ ਉਦੇਸ਼ ਪ੍ਰਾਪਤੀ ਵਿੱਚ ਕਾਫੀ ਸਹਾਈ ਹੋ ਸਕਦੇ ਹਨ । ਇਨ੍ਹਾਂ ਪ੍ਰਦਰਸ਼ਨਾਂ ਨਾਲ ਲੋਕਾਂ ਨੂੰ ਜਾਗਰਤ ਕਰਨ ਵਿੱਚ ਕਾਫੀ ਮਦਦ ਮਿਲ ਸਕਦੀ ਹੈ । ਇਹ ਲੋਕਾਂ ਦੀ ਆਮ ਜ਼ਿੰਦਗੀ ਵਿੱਚ ਖਲਲ ਵੀ ਨਹੀਂ ਪਾਉਣਗੇ । ਪ੍ਰਦਰਸ਼ਨਕਾਰੀਆਂ ਦੀ ਗੱਲ ਵੀ ਲੋਕਾਂ ਤੱਕ ਪਹੁੰਚ ਜਾਵੇਗੀ ।

ਇੰਡੀਆ ਗੱਠਜੋੜ ਨੇ ਵੀ ਸਿਵਲ ਸੁਸਾਇਟੀ ਨੂੰ ਨਾਲ ਲੈ ਕੇ ਚੱਲਣ ਦਾ ਫੈਸਲਾ ਕੀਤਾ ਹੈ । ਸਿਵਲ ਸੁਸਾਇਟੀ ਦੇ ਵੱਖ-ਵੱਖ ਛੋਟੇ-ਛੋਟੇ ਗਰੁੱਪ ਪਾਰਕਾਂ ਤੇ ਮਾਲਾਂ ਆਦਿ ਵਿਚ ਅਜਿਹੇ ਖਾਮੋਸ਼ ਪ੍ਰਦਰਸ਼ਨ ਕਰਕੇ ਸਰਕਾਰੀ ਧੱਕੇਸ਼ਾਹੀ ਵਿਰੁੱਧ ਤਕੜਾ ਮਾਹੌਲ ਬਣਾ ਸਕਦੇ ਹਨ, ਜਿਹੜਾ ਕਿ ਵੱਡੀ ਲਹਿਰ ਖੜ੍ਹੀ ਕਰਨ ਵਿੱਚ ਸਹਾਈ ਹੋ ਸਕਦਾ ਹੈ ।

ਪਰਵਿੰਦਰ ਸਿੰਘ ਝੋਟਾ ਦੇ ਕਤਲ ਖਿਲਾਫ ਆਪਮੁਹਾਰਾ ਪੰਜਾਬ ਬੰਦ

ਚੰਡੀਗੜ੍ਹ:-ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਦੇ ਰੋਸ ਵਜੋਂ ਪਰਵਾਰ ਵੱਲੋਂ ਦਿੱਤੇ ਗਏ ਸੱਦੇ 'ਤੇ ਵੀਰਵਾਰ ਨੂੰ ਪੂਰਾ ਪੰਜਾਬ ਬੰਦ ਰਿਹਾ।ਲੋਕਾਂ ਨੇ ਨਸ਼ਿਆਂ ਦੇ ਨੈੱਟਵਰਕ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ ।ਝੋਟਾ ਦੇ ਪਿਤਾ ਸਾਬਕਾ ਫੌਜੀ ਭੀਮ ਸਿੰਘ ਨੇ ਸਵੇਰੇ ਇਨਸਾਫਪਸੰਦ ਲੋਕਾਂ ਨੂੰ ਸੜਕਾਂ 'ਤੇ ਆਉਣ ਅਤੇ ਕੁਝ ਥਾਵਾਂ 'ਤੇ ਪਏ ਮੀਂਹ ਅਤੇ ਗੜ੍ਹੇਮਾਰੀ ਦੇ ਬਾਵਜੂਦ ਬੰਦ ਨੂੰ ਸਫਲ ਬਣਾਉਣ ਦੀ ਬੇਨਤੀ ਕੀਤੀ।ਕਈ ਕਿਸਾਨ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਵਪਾਰਕ ਸੰਗਠਨਾਂ ਨੇ ਬੰਦ ਦੇ ਸੱਦੇ ਨੂੰ ਸਮਰਥਨ ਦਿੱਤਾ।ਕਈ ਨਿੱਜੀ ਵਿਦਿਅਕ ਅਦਾਰਿਆਂ ਨੇ ਵੀ ਛੁੱਟੀ ਦਾ ਐਲਾਨ ਕਰ ਦਿੱਤਾ।ਇਨਸਾਫ ਦੀ ਮੰਗ ਲਈ ਬਣਾਈ ਗਈ ਐਕਸ਼ਨ ਕਮੇਟੀ ਨੇ ਲੋਕਾਂ ਨੂੰ ਬੰਦ ਦੌਰਾਨ ਅਮਨ-ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ।ਪਰਵਾਰ ਅਤੇ ਐਕਸ਼ਨ ਕਮੇਟੀ ਦੀਆਂ ਮੁੱਖ ਮੰਗਾਂ ਵਿੱਚ ਮੁੱਖ ਮੰਤਰੀ ਅਤੇ ਡੀ ਜੀ ਪੀ ਦਾ ਅਸਤੀਫਾ, ਕਤਲ ਦੀ ਸੀ ਬੀ ਆਈ ਜਾਂਚ ਅਤੇ ਸੰਬੰਧਤ ਜ਼ਿਲ੍ਹਾ ਡਰੱਗ ਇੰਸਪੈਕਟਰ, ਐੱਸ ਐੱਸ ਪੀ, ਡੀ ਐੱਸ ਪੀ ਅਤੇ ਥਾਣਾ ਮੁਖੀ ਨੂੰ ਬਰਖਾਸਤ ਕਰਨਾ ਸ਼ਾਮਲ ਹੈ। ਉਸ ਨੇ ਪ੍ਰਦਰਸ਼ਨਾਂ ਦੇ ਸੰਬੰਧ ਵਿੱਚ ਹਿਰਾਸਤ ਵਿੱਚ ਲਏ ਗਏ ਲੋਕਾਂ ਨੂੰ ਰਿਹਾਅ ਕਰਨ ਦੀ ਵੀ ਮੰਗ ਕੀਤੀ ਹੈ।ਇਸ ਤੋਂ ਇਲਾਵਾ ਝੋਟਾ ਦੀ ਲਾਸ਼ ਦਾ ਪੀ ਜੀ ਆਈ ਚੰਡੀਗੜ੍ਹ ਦੇ ਡਾਕਟਰਾਂ ਦੇ ਪੈਨਲ ਤੋਂ ਪੋਸਟਮਾਰਟਮ ਕਰਵਾਉਣ ਦੀ ਮੰਗ ਹੈ।



DISTRIBUTED IN
CANADA & AMERICA

CANADA

British Columbia
* GREATER VANCOUVER
* FRASER VALLEY
* VICTORIA * NANAIMO
* PRINCE GEORGE
* KAMLOOPS
* OLIVER * SQUAMISH
* KELOWNA



USA
* GREATER SEATTLE
* EVERETT * MARYSVILLE
* BELLINGHAM
* BELLEVUE
* LYNDEN
* LYNWOOD
* KENT * RENTON
* PORTLAND



ਪੰਜਾਬ ਗਾਰਡੀਅਨ
PUNJABI WEEKLY NEWSPAPER

Sales Manager: Kanwaljit Singh
Phone: 604-836-0936
Email:sales@punjabguardian.com
Email:kanwaljit@punjabguardian.com

Consulting Editor: D.S. Gill
Advocate, Ludhiana
Editor: Amarjit Singh
Email:editor@punjabguardian.com
Sukhdeep Singh(Staff Reporter)
sukhdeep.punjab@gmail.com

Pandher Gursev Singh
(Manager Marketing)
(1)-604-999-4097
Jagmohan Boparai
(Salesman)
(1)-250-701-1025
Email:jag.623.13@gmail.com
Pawandeep Kaur (Office Manager)
604-615-9690
Email:kaurpawandeep808@gmail.com

NOTICE TO ADVERTISERS
The publisher does not guarantee the insertion of any particular advertisement on a specified date, or at all, although, every effort will be made to meet the wishes of the advertiser. Further, the publisher does not accept liability for any loss or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. The publisher reserve the right to cancel any contract on which space has not been used within 90 days of from the contract date. All advertising is subject to the publisher's approval. Contracts must be completed within one year from the date of commencement. Printing of key numbers is not guaranteed.

visit our website for latest news & other info:
www.punjabguardian.com

Printed & Published in Canada since 1996 by: The Punjab Guardian Inc
#202-12677-80 AVE., Surrey, B.C. V3W 3A6
Toll Free: 1-877-584-5200 * Ph: 604-590-5200 * Fax: 604-596-5700

Disclaimer

ਪੰਜਾਬ ਗਾਰਡੀਅਨ ਪਿਛਲੇ 30 ਸਾਲ ਤੋਂ ਤੁਹਾਡੀ ਸੇਵਾ ਵਿਚ ਹਾਜਰ ਹੈ।ਆਪਣੇ ਵਡਮੁੱਲੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਲਈ 'ਪੰਜਾਬ ਗਾਰਡੀਅਨ' ਨੂੰ ਜਰੂਰ ਭੇਜੋ।ਤੁਹਾਡੇ ਵੱਲੋਂ ਆਈ ਲਿਖਤ ਦਾ ਸਵਾਗਤ ਹੈ, ਪਰੰਤੂ ਪੰਜਾਬ ਗਾਰਡੀਅਨ ਵਿਚ ਛਪੀਆਂ ਰਚਨਾਵਾਂ ਲੇਖਕਾਂ ਦੀ ਨਿੱਜੀ ਰਾਏ ਉੱਪਰ ਅਧਾਰਤ ਹਨ ਅਤੇ ਉਹਨਾਂ ਨਾਲ ਸੰਪਾਦਕ ਜਾਂ ਅਦਾਰਾ ਪੰਜਾਬ ਗਾਰਡੀਅਨ ਦਾ ਸਹਿਮਤ ਹੋਣਾ ਜਰੂਰੀ ਨਹੀਂ। ਇਸ਼ਤਿਹਾਰਾਂ ਵਿੱਚ ਕੀਤੀ ਗਈ ਦਾਅਵੇਦਾਰੀ ਨਾਲ ਪੰਜਾਬ ਗਾਰਡੀਅਨ ਦਾ ਕੋਈ ਸਬੰਧ ਨਹੀਂ। ਕਿਸੇ ਵੀ ਖਰੀਦ ਜਾਂ ਪੇਮੈਂਟ ਤੋਂ ਪਹਿਲਾਂ ਗਾਹਕ ਆਪਣੀ ਤਸੱਲੀ ਦਾ ਖੁਦ ਜ਼ਿਮੇਵਾਰ ਹੈ। ਅਦਾਰਾ ਪੰਜਾਬ ਗਾਰਡੀਅਨ ਇਸ਼ਤਿਹਾਰ ਵਿਚਲੇ ਕਿਸੇ ਵੀ ਆਫਰ/ਦਾਅਵੇਦਾਰੀ ਨਾਲ ਹੋਏ ਕਿਸੇ ਨੁਕਸਾਨ ਦਾ ਜ਼ਿਮੇਵਾਰ ਨਹੀਂ ਹੋਵੇਗਾ।

The publisher does not endorse or evaluate the advertise product, service, or company, nor any of the claims made by advertisement. Advertisers making claims are expected to have a research data that substantiates these claims and the research or citation is to be made available on the vendors website or where proprietary interests exist, be made available upon request. The publisher confirms the research is relevant to the claim but does not verify the validity of the research. The publisher does not make any representation as to the accuracy or suitability of any of the information contained in advertisements and does not accept any responsibility or liability for the conduct of the content of advertisements and the offering made by advertisers. The publisher takes no responsibility for the content of the ads, promises made, or the quality/reliability of the products or services offered in all the advertisements. The Punjab Guardian WILL NOT be responsible for any loss on the basis of any claim made in any advertisement. Advertising does not influence editorial decisions or content. The publisher reserves the right to refuse, reject or cancel any ad for any reason at any time without liability.

ਅਖਬਾਰ ਦੀ ਕਾਪੀ ਪ੍ਰਾਪਤ ਕਰਨ ਲਈ ਫੋਨ ਕਰੋ:604-719-8701

ਲੁੱਟ ਦੀ ਯੋਜਨਾ ਮੈਂ ਬਣਾਈ ਸੀ...':ਕਨੇਡਾ ਢਾਈ ਕਰੋੜ ਡਾਲਰ ਦੇ ਸੋਨੇ ਦੀ ਲੁੱਟ ਮਾਮਲੇ 'ਚ ਗਵਾਹ ਵੱਲੋਂ ਵੱਡਾ ਖੁਲਾਸਾ

ਲੁੱਟਿਆ ਸੋਨਾ ਦੁਬਈ ਜਾਂ ਭਾਰਤ ਪਹੁੰਚਿਆ:ਗਵਾਹ ਅਰਸਾਲਨ ਚੌਧਰੀ

ਟਰੰਟੋ:ਤਿੰਨ ਸਾਲ ਪਹਿਲਾਂ ਟੋਰਾਂਟੋ ਦੇ ਪੀਅਰਸਨ ਹਵਾਈ ਅੱਡੇ ਤੋਂ ਢਾਈ ਕਰੋੜ ਡਾਲਰ ਦੇ ਸੋਨੇ ਅਤੇ ਨਕਦੀ ਦੀ ਲੁੱਟ ਦੇ ਮਾਮਲੇ ਵਿੱਚ ਏਅਰ ਕੈਨੇਡਾ ਦੇ ਕਾਰਗੋ ਮੈਨੇਜਰ ਪਰਮਪਾਲ ਸਿੱਧੂ ਵਿਰੁੱਧ ਸ਼ੁਰੂ ਹੋਈ ਕਾਰਵਾਈ ਦੌਰਾਨ, ਇਸੇ ਮਾਮਲੇ ਵਿੱਚ ਇਸੇ ਸਾਲ ਸਜ਼ਾ-ਯਾਫ਼ਤਾ ਹੋਏ ਅਰਸਾਲਨ ਚੌਧਰੀ ਨੇ ਗਵਾਹੀ ਦਿੰਦਿਆਂ ਮੰਨਿਆ ਕਿ ਲੁੱਟ ਦੀ ਸਾਰੀ ਯੋਜਨਾ ਉਸ ਨੇ ਘੜੀ ਸੀ ਅਤੇ ਉਸ ਦੀ ਪਰਮਪਾਲ ਸਿੱਧੂ ਨਾਲ ਕੋਈ ਸਾਂਝ ਨਹੀਂ ਸੀ। ਚਾਰ ਸਾਲ ਦੀ ਸਜ਼ਾ ਕੱਟ ਰਹੇ ਚੌਧਰੀ ਨੇ ਸਰਕਾਰੀ ਵਕੀਲਾਂ ਵੱਲੋਂ ਪੇਸ਼ ਕੀਤੇ ਲਿਖਤੀ ਸੰਦੇਸ਼ਾਂ ਬਾਰੇ ਕੀਤੇ ਸਵਾਲਾਂ ਦੇ ਜਵਾਬ ਇਹ ਕਹਿ ਕੇ ਟਾਲ ਦਿੱਤੇ ਕਿ ਉਸ ਨੂੰ ਇੰਨੀ ਪੁਰਾਣੀ ਗੱਲ ਬਾਰੇ ਕੁਝ ਵੀ ਯਾਦ ਨਹੀਂ। ਲੁੱਟੇ ਗਏ 400 ਕਿਲੋ ਸੋਨੇ ਦੀਆਂ 600 ਇੱਟਾਂ ਵਿੱਚੋਂ ਤੀਜਾ ਹਿੱਸਾ ਵੰਡਾਉਣ ਨੂੰ ਮੰਨਦਿਆਂ ਚੌਧਰੀ ਨੇ ਕਿਹਾ ਕਿ ਸੋਨੇ ਦੀਆਂ ਕੁਝ ਇੱਟਾਂ ਉਸ ਨੇ ਇੱਕ ਘਰ ਵਿੱਚ ਲੁਕਾਈਆਂ ਸਨ, ਜਿਸ ਵਿੱਚੋਂ ਕੁਝ ਹਿੱਸਾ ਉਸ ਨੇ ਸੋਨਾ ਢਾਲਣ ਵਾਲੇ ਨੂੰ ਤਿੰਨ ਲੱਖ ਵਿੱਚ ਵੇਚਿਆ ਤੇ ਪਾਕਿਸਤਾਨ ਖਿਸਕ ਗਿਆ। ਉਸ ਨੇ ਦੱਸਿਆ ਕਿ ਜਦੋਂ ਉਹ ਪਾਕਿਸਤਾਨ ਪਹੁੰਚਿਆ ਤਾਂ ਕਿਸੇ ਗਰੋਹ ਨੂੰ ਭਿਣਕ ਲੱਗੀ ਅਤੇ ਉਸ ਨੂੰ ਅਗਵਾ ਕਰਕੇ ਸਾਰਾ ਪੈਸਾ ਖੋਹ ਲਿਆ ਗਿਆ ਅਤੇ ਉਸ ਨੂੰ ਬੰਦੀ ਬਣਾ



ਕੇ ਕੈਨੇਡਾ ਲਿਆਂਦਾ ਗਿਆ ਅਤੇ ਰਹਿੰਦਾ ਸੋਨਾ ਵੀ ਉਹ ਖੋਹ ਕੇ ਲੈ ਗਏ। ਅਰਸਾਲਨ ਚੌਧਰੀ ਨੇ ਦੀ ਗਵਾਹੀ ਵਿੱਚ ਸਰਕਾਰੀ ਵਕੀਲਾਂ ਦੇ ਕਿਸੇ ਵੀ ਸਵਾਲ ਦਾ ਸਪੱਸ਼ਟ ਉੱਤਰ ਦੇਣ ਦੀ ਬਜਾਏ ਗੁੰਝਲਦਾਰ ਜਵਾਬ ਦਿੰਦੇ ਹੋਏ ਕੇਸ ਨੂੰ ਹੋਰ ਉਲਝਾ ਦਿੱਤਾ। ਉਸ ਦੀ ਗਵਾਹੀ ਜਾਰੀ ਰਹੇਗੀ। 'ਸਾਰੀ ਯੋਜਨਾ ਮੈਂ ਉਲੀਕੀ' ਕਹਿ ਕੇ ਇੱਕ ਤਰ੍ਹਾਂ ਉਸ ਨੇ ਸਾਰਾ ਦੋਸ਼ ਆਪਣੇ ਸਿਰ ਮੜ੍ਹ ਲਿਆ, ਕਿਉਂਕਿ ਉਸ ਨੂੰ 6 ਮਹੀਨੇ ਪਹਿਲਾਂ ਇਸੇ ਕੇਸ ਵਿੱਚ ਚਾਰ ਸਾਲ ਦੀ ਕੈਦ ਹੋ ਚੁੱਕੀ ਹੈ ਅਤੇ ਅਦਾਲਤ ਨੇ 40 ਸਾਲਾਂ ਵਿੱਚ 2 ਕਰੋੜ 20 ਲੱਖ ਡਾਲਰ ਮੋੜਨ ਲਈ ਕਿਹਾ ਹੈ।

ਅਮਰੀਕਾ ਨੇ ਈਰਾਨ ਨਾਲ ਤੇਲ ਵਪਾਰ ਦੇ ਦੋਸ਼ ਵਿੱਚ 2 ਭਾਰਤੀ ਕੰਪਨੀਆਂ ਅਤੇ 5 ਭਾਰਤੀ ਨਾਗਰਿਕਾਂ 'ਤੇ ਲਾਈਆਂ ਵੱਡੀਆਂ ਪਾਬੰਦੀਆਂ


ਵਾਸ਼ਿੰਗਟਨ: ਅਮਰੀਕਾ ਨੇ ਮੁੰਬਈ ਸਥਿਤ ਦੋ ਕੰਪਨੀਆਂ ਅਤੇ ਉਨ੍ਹਾਂ ਨਾਲ ਜੁੜੇ ਪੰਜ ਭਾਰਤੀ ਨਾਗਰਿਕਾਂ 'ਤੇ ਪਾਬੰਦੀਆਂ ਲਗਾਈਆਂ ਹਨ। ਉਨ੍ਹਾਂ 'ਤੇ ਈਰਾਨ ਨਾਲ ਪੈਟਰੋਲੀਅਮ ਉਤਪਾਦਾਂ ਦੇ ਵਪਾਰ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਇਨ੍ਹਾਂ ਭਾਰਤੀ ਕੰਪਨੀਆਂ ਅਤੇ ਨਾਗਰਿਕਾਂ ਤੋਂ ਇਲਾਵਾ, ਈਰਾਨ ਨਾਲ ਪੈਟਰੋਲੀਅਮ ਉਤਪਾਦਾਂ ਦੇ ਵਪਾਰ ਵਿੱਚ ਸ਼ਾਮਲ ਹੋਣ ਲਈ ਕਈ ਹੋਰ ਕੰਪਨੀਆਂ, ਵਿਅਕਤੀਆਂ ਅਤੇ ਜਹਾਜ਼ਾਂ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ। ਇਹ ਕਦਮ ਆਪ੍ਰੇਸ਼ਨ ਇਕਨਾਮਿਕ ਆਊਟਕਾਸਟ ਦੇ ਤਹਿਤ ਈਰਾਨ 'ਤੇ ਇੱਕ ਵਿਆਪਕ ਅਮਰੀਕੀ ਕਾਰਵਾਈ ਦਾ ਹਿੱਸਾ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਇਨ੍ਹਾਂ ਪਾਬੰਦੀਆਂ ਦਾ ਐਲਾਨ ਕੀਤਾ। ਮੁੰਬਈ ਸਥਿਤ ਐਸ.ਐਸ.ਪੀ.ਐਲ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਅਤੇ ਸਮੁੰਦਰ ਮਰੀਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨੂੰ ਈਰਾਨ ਤੋਂ ਤੇਲ ਆਯਾਤ ਦੀ ਸਹੂਲਤ ਦੇਣ ਲਈ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਦੋਵਾਂ ਕੰਪਨੀਆਂ ਨਾਲ ਜੁੜੇ ਪੰਜ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਕੰਪਨੀਆਂ ਨਾਲ ਸਬੰਧਤ ਲੈਣ-ਦੇਣ ਕਰਨ ਤੋਂ ਵੀ ਰੋਕਿਆ ਗਿਆ ਸੀ। ਨਿਊਜ਼ ਏਜੰਸੀ ਪੀਟੀਆਈ ਦੇ ਅਨੁਸਾਰ, ਐਸ. ਐਸ.ਪੀ. ਐਲ ਸਲਿਊਸ਼ਨਜ਼ ਨਾਲ ਜੁੜੇ ਦੋ ਵਿਅਕਤੀ - ਧਵਾਨੀ ਅਤੇ ਨਿਸਰਗ ਵੋਰਾ - ਅਤੇ ਸਮੁੰਦਰ ਮਰੀਨ ਸਰਵਿਸਿਜ਼ ਨਾਲ ਜੁੜੇ ਤਿੰਨ ਵਿਅਕਤੀ - ਕੇਤਨ ਕੋਚੀਕਰ, ਭੂਪੇਂਦਰ ਸਿੰਘ ਸਾਹੂ ਅਤੇ ਹਰੀਸ਼ਿਆਮ ਹਰੀਹਰਨ - ਨੂੰ ਵੀ ਪਾਬੰਦੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਸੁਪਰੀਮ ਕੋਰਟ ਨੂੰ ਡਰਾ-ਧਮਕਾ ਕੇ ਦਬਾਅ ਹੇਠ ਨਹੀਂ ਲਿਆਂਦਾ ਜਾ ਸਕਦਾ:ਸੀ.ਜੇ.ਆਈ. ਸੂਰਿਆਕਾਂਤ

ਨਵੀਂ ਦਿੱਲੀ: ਸੁਪਰੀਮ ਕੋਰਟ ਕੰਪਲੈਕਸ ਤੱਕ ਵਿਰੋਧੀ ਧਿਰ ਦੇ ਆਗੂਆਂ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ 12 ਅਕਤੂਬਰ ਨੂੰ ਕੱਢੇ ਗਏ ਮਾਰਚ ਦੇ ਮਾਮਲੇ ਵਿੱਚ ਵੀਰਵਾਰ ਨੂੰ ਸੁਣਵਾਈ ਦੌਰਾਨ ਚੀਫ਼ ਜਸਟਿਸ (ਸੀ.ਜੇ.ਆਈ.) ਸੂਰਿਆਕਾਂਤ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਅਦਾਲਤ ਨੂੰ ਡਰਾ-ਧਮਕਾ ਕੇ ਦਬਾਅ ਹੇਠ ਨਹੀਂ ਲਿਆਂਦਾ ਜਾ ਸਕਦਾ। ਅਜਿਹੀਆਂ ਕੋਸ਼ਿਸ਼ਾਂ ਬੇਕਾਰ ਹਨ ਅਤੇ ਅਦਾਲਤ ਇਨ੍ਹਾਂ ਵੱਲ ਧਿਆਨ ਨਹੀਂ ਦਿੰਦੀ। ਸੀ.ਜੇ.ਆਈ. ਨੇ ਕਿਹਾ ਕਿ ਅਦਾਲਤ ਨੂੰ ਪਤਾ ਹੈ ਕਿ ਬਾਹਰ ਕੀ ਕਿਹਾ ਜਾ ਰਿਹਾ ਹੈ ਅਤੇ ਅੰਦਰ ਕੀ ਚਰਚਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਕਾਲਪਨਿਕ ਦੁਨੀਆ ਵਿੱਚ ਨਹੀਂ ਰਹਿ ਰਹੇ ਅਤੇ ਸਾਨੂੰ ਹਰ ਗੱਲ ਦੀ ਜਾਣਕਾਰੀ ਹੈ। ਉਨ੍ਹਾਂ ਰਾਹੁਲ ਗਾਂਧੀ ਦਾ ਨਾਂ ਲਏ ਬਿਨਾਂ ਕਿਹਾ ਕਿ ਪਟੀਸ਼ਨਰਾਂ ਵਿੱਚੋਂ ਇੱਕ ਦੇ ਵਿਹਾਰ 'ਤੇ ਸਵਾਲ ਉਠਾਏ ਜਾਣਗੇ ਅਤੇ ਉਸ ਨੂੰ ਆਪਣਾ ਪੱਖ ਸਪੱਸ਼ਟ ਕਰਨਾ ਪਵੇਗਾ।

11-12 ਦਸੰਬਰ ਨੂੰ ਕੈਨੇਡਾ ਦੇ ਦੌਰੇ 'ਤੇ ਆਉਣਗੇ ਮੋਦੀ, ਕਾਰਨੀ ਨੇ ਕੀਤੀ ਪੁਸ਼ਟੀ



ਓਟਵਾ:- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 11 ਅਤੇ 12 ਦਸੰਬਰ ਨੂੰ ਕੈਨੇਡਾ ਦੇ ਦੌਰੇ 'ਤੇ ਆਉਣਗੇ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮੋਦੀ ਟੋਰਾਂਟੋ ਅਤੇ ਓਟਵਾ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਦੌਰੇ ਵਿੱਚ ਹੋਰ ਸ਼ਹਿਰਾਂ ਨੂੰ ਸ਼ਾਮਲ ਕਰਨ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਇਹ ਦੌਰਾ ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਸਬੰਧ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਦਰਮਿਆਨ ਹੋ ਰਿਹਾ ਹੈ। ਦੋਵੇਂ ਦੇਸ਼ ਇਸ ਸਾਲ ਦੇ ਅੰਤ ਤੱਕ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦਾ ਟੀਚਾ 2030 ਤੱਕ ਸਾਲਾਨਾ ਦੁਵੱਲਾ ਵਪਾਰ 70 ਅਰਬ ਡਾਲਰ ਤੱਕ ਪਹੁੰਚਾਉਣਾ ਹੈ। ਜ਼ਿਕਰਯੋਗ ਹੈ ਕਿ 2023 ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਮਗਰੋਂ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਆ ਗਿਆ ਸੀ। ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਵੀ ਕੱਢ ਦਿੱਤਾ ਸੀ। ਭਾਰਤ ਨੇ ਆਪਣੇ ਖ਼ਿਲਾਫ਼ ਲਾਏ ਦੋਸ਼ਾਂ ਨੂੰ ਨਕਾਰਿਆ ਹੈ। ਹੁਣ ਦੋਵੇਂ ਦੇਸ਼ ਵਪਾਰ ਅਤੇ ਕੂਟਨੀਤਕ ਸਬੰਧਾਂ ਨੂੰ ਮੁੜ ਮਜ਼ਬੂਤ ਕਰਨ ਵੱਲ ਕਦਮ ਵਧਾ ਰਹੇ ਹਨ।

ਵਰਕਰਾਂ ਦੀ ਲੋੜ

ਸਰੀ ਦੀ ਪੁਰਾਣੀ ਤੇ ਮਸ਼ਹੂਰ ਫਰੇਮਿੰਗ ਕੰਪਨੀ (ਸਮਾਰਾ ਫਰੇਮਿੰਗ ਲਿੰਮ:) ਵਾਲਿਆਂ ਨੂੰ ਵਰਕਰਾਂ ਦੀ ਤੁਰੰਤ ਲੋੜ ਹੈ। ਨਵੇਂ ਵੀ ਅਪਲਾਈ ਕਰ ਸਕਦੇ ਹਨ ਜਿਹਨਾਂ ਨੂੰ ਕੰਪਨੀ ਵੱਲੋਂ ਟਰੇਨਿੰਗ ਦਿੱਤੀ ਜਾਵੇਗੀ। ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ। ਕੰਮ ਫੁੱਲ ਟਾਈਮ ਹੋਵੇਗਾ।

ਅਸੀਂ **LMIA ਉਪਲਬਧ ਕਰਾ ਸਕਦੇ ਹਾਂ**

ਹੋਰ ਜਾਣਕਾਰੀ ਲਈ ਸੰਪਰਕ ਕਰੋ


604-816-8422, 604-561-5467

Bhola
Car Seat Cover Ltd.

Specialize in Custom & Universal Seat Covers


- Leather Car Seat Covers
- Leather Truck Covers
- Truck Lino

- ਲੈਦਰ ਕਾਰ ਸੀਟ ਕਵਰ
- ਲੈਦਰ ਟਰੱਕ ਕਵਰ
- ਟਰੱਕ ਲਾਇਨੋ



Great Deals On
CAR MATS &
ACCESSORIES

ਪਿਛਲੇ 30 ਸਾਲਾਂ ਤੋਂ ਸੀਟ-ਕਵਰ ਬਿਜਨਸ 'ਚ



Call:Simranjeet Singh

778-926-2662

#104-13119-84Ave, Surrey, BC

ਬੜੂ ਸਾਹਿਬ ਟਰੱਸਟ ਵੱਲੋਂ ਪਰਵਿੰਦਰ ਝੋਟਾ ਦੇ ਦੋਵੇਂ ਬੱਚਿਆਂ ਦੀ 12ਵੀਂ ਤੱਕ ਪੜ੍ਹਾਈ ਮੁਫ਼ਤ ਕਰਵਾਉਣ ਦਾ ਐਲਾਨ

ਚੀਮਾ ਮੰਡੀ– ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਵਿੰਦਰ ਸਿੰਘ ਝੋਟਾ ਦੀ ਮੌਤ ਦੀ ਦੁਖਦਾਈ ਘਟਨਾ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਦੁੱਖ ਦੀ ਘੜੀ ਵਿਚ ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਪਰਿਵਾਰ ਦੇ ਦੋਵਾਂ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਚੁੱਕਣ ਦਾ ਐਲਾਨ ਕੀਤਾ ਗਿਆ ਹੈ। ਇਸ ਸੰਬੰਧੀ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉਪ ਪ੍ਰਧਾਨ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਨੇ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੀ ਮੌਤ ਦੇ ਰੋਸ ਵਜੋਂ ਪ੍ਰਦਰਸ਼ਨ ਕਰ ਰਹੇ ਅਤੇ ਦੁੱਖ ਪ੍ਰਗਟ ਕਰ ਰਹੇ ਪਰਿਵਾਰਕ ਮੈਂਬਰਾਂ ਤੇ ਮਾਪਿਆਂ ਨਾਲ ਮੁਲਾਕਾਤ ਕੀਤੀ । ਇਸ ਮੌਕੇ ਉਨ੍ਹਾਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੇ ਦੋਵੇਂ ਬੱਚੇ ਅਕਾਲ ਅਕੈਡਮੀ ਜਵਾਹਰਕੇ (ਮਾਨਸਾ) ਵਿਖੇ ਪੜ੍ਹ ਰਹੇ ਹਨ ਅਤੇ ਇਨ੍ਹਾਂ ਦੋਵਾਂ ਬੱਚਿਆਂ ਦੀ ਬਾਰ੍ਹਵੀਂ ਜਮਾਤ ਤੱਕ ਦੀ ਪੜ੍ਹਾਈ ਟਰੱਸਟ ਵਲੋਂ ਮੁਫਤ ਕਰਵਾਈ ਜਾਵੇਗੀ ਅਤੇ ਉਨ੍ਹਾਂ ਦੀ ਸਿੱਖਿਆ ਨੂੰ ਨਿਰਵਿਘਨ ਜਾਰੀ ਰੱਖਣ ਦੀ ਜ਼ਿੰਮੇਵਾਰੀ ਨਿਭਾਈ ਜਾਵੇਗੀ। ਇਸ ਤੋਂ ਇਲਾਵਾ ਬੱਚਿਆਂ ਦੀ ਉਚੇਰੀ ਸਿੱਖਿਆ ਲਈ ਵੀ ਭਵਿੱਖ ਵਿਚ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਭਾਰਤ ਨੇ ਛੱਤਰੀ ਤੋਂ ਬਿਨਾਂ ਮੀਂਹ ਵਿੱਚ ਰਹਿਣਾ ਸਿੱਖ ਲਿਆ ਹੈ:ਜੈਸ਼ੰਕਰ

ਨਵੀਂ ਦਿੱਲੀ/ਵਾਸ਼ਿੰਗਟਨ: ਅਮਰੀਕਾ ਅਤੇ ਚੀਨ ਵਿਚਕਾਰ ਚੱਲ ਰਹੀ ਭੂ-ਰਾਜਨੀਤਿਕ "ਲੜਾਈ" ਅਤੇ ਵਧਦੀ ਗਲੋਬਲ ਵਪਾਰ ਜੰਗ ਨੇ ਦੁਨੀਆ ਦੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਦੇਸ਼ਾਂ ਲਈ ਇੱਕ ਵੱਡਾ ਹੋਂਦ ਸੰਕਟ ਖੜ੍ਹਾ ਕਰ ਦਿੱਤਾ ਹੈ। ਅਮਰੀਕਾ ਵਿੱਚ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ਿਆਦਾਤਰ ਦੇਸ਼ਾਂ ਵਿਰੁੱਧ "ਟੈਰਿਫ ਯੁੱਧ" ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ, ਪੱਛਮੀ ਏਸ਼ੀਆ ਵਿੱਚ ਪਿਛਲੇ ਅੱਠ ਮਹੀਨਿਆਂ ਤੋਂ ਚੱਲ ਰਹੇ ਟਕਰਾਅ ਨੇ ਗਲੋਬਲ ਸਪਲਾਈ ਚੇਨਾਂ ਨੂੰ ਵਿਗਾੜ ਦਿੱਤਾ ਹੈ। ਨਵੀਂ ਦਿੱਲੀ ਵਿੱਚ ਬਲੂਮਬਰਗ ਨਿਊ ਇਕਾਨਮੀ ਫੋਰਮ ਵਿੱਚ, ਦੁਨੀਆ ਭਰ ਦੇ ਪ੍ਰਮੁੱਖ ਸਿਆਸਤਦਾਨਾਂ ਅਤੇ ਸਾਬਕਾ ਡਿਪਲੋਮੈਟਾਂ ਨੇ ਡੂੰਘੀ ਚਿੰਤਾ ਪ੍ਰਗਟ ਕੀਤੀ ਕਿ ਵਾਸ਼ਿੰਗਟਨ ਅਤੇ ਬੀਜਿੰਗ ਵਿਚਕਾਰ ਤਣਾਅ ਮੱਧਮ ਆਕਾਰ ਦੇ ਦੇਸ਼ਾਂ ਨੂੰ ਗਲੋਬਲ ਫੈਸਲੇ ਲੈਣ ਤੋਂ ਬਾਹਰ ਕਰ ਸਕਦਾ ਹੈ। ਨਾ ਸਿਰਫ਼ ਟਕਰਾਅ, ਸਗੋਂ ਵੱਡੇ ਦੇਸ਼ਾਂ ਦੇ ਆਪਣੇ ਹਿੱਤ ਲਈ ਫੌਜਾਂ ਵਿੱਚ ਸ਼ਾਮਲ ਹੋਣ ਦਾ ਖ਼ਤਰਾ ਵੀ ਬਣਿਆ ਹੋਇਆ ਹੈ। ਉਦਾਹਰਣ ਵਜੋਂ, ਹਾਲ ਹੀ ਦੇ ਮਹੀਨਿਆਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਦੋ ਮੀਟਿੰਗਾਂ ਤੋਂ ਬਾਅਦ, ਇਹ ਡਰ ਹੋਰ ਡੂੰਘਾ ਹੋ ਗਿਆ ਹੈ ਕਿ ਇਹ ਸੁਪਰਪਾਵਰ ਦੁਨੀਆ ਦੇ ਆਰਥਿਕ ਅਤੇ ਕੂਟਨੀਤਕ ਸਮੀਕਰਨਾਂ ਨੂੰ ਨਿਰਦੇਸ਼ਤ ਕਰ ਸਕਦੇ ਹਨ। ਜੈਸ਼ੰਕਰ ਨੇ ਕਿਹਾ, "ਸਾਡੇ ਮਾਮਲੇ ਵਿੱਚ, ਅਸੀਂ ਕਿਸੇ ਵੀ ਗਠਜੋੜ ਦਾ ਹਿੱਸਾ ਨਹੀਂ ਰਹੇ ਹਾਂ, ਇਸ ਲਈ ਅਸੀਂ ਹਮੇਸ਼ਾ ਛੱਤਰੀ ਤੋਂ ਬਿਨਾਂ ਮੀਂਹ ਵਿੱਚ ਰਹਿਣਾ ਸਿੱਖਿਆ ਹੈ।

"ਘਰਾਂ ਤੋਂ ਨਾ ਨਿਕਲੋ, ਵੀਡੀਓ ਸਾਂਝੇ ਨਾ ਕਰੋ"

ਸਾਊਦੀ ਅਰਬ ਵਿੱਚ ਭਾਰਤੀ ਦੂਤਾਵਾਸ ਨੇ ਨਵੀਂ ਸਲਾਹ ਜਾਰੀ ਕੀਤੀ

ਦੁਬਈ: ਭਾਰਤ ਨੇ ਬੁੱਧਵਾਰ ਨੂੰ ਸਾਊਦੀ ਅਰਬ ਵਿੱਚ ਆਪਣੇ ਨਾਗਰਿਕਾਂ ਨੂੰ ਹਵਾਈ ਹਮਲਿਆਂ ਦੀ ਸਥਿਤੀ ਵਿੱਚ ਘਰ ਦੇ ਅੰਦਰ ਰਹਿਣ ਅਤੇ ਸਥਾਨਕ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ। ਇਹ ਤਾਜ਼ਾ ਸਲਾਹ ਯਮਨ ਦੇ ਈਰਾਨ ਸਮਰਥਿਤ ਹੂਤੀ ਬਾਗੀਆਂ ਦੁਆਰਾ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਖਾੜੀ ਦੇਸ਼ ਵਿੱਚ ਵਧੇ ਤਣਾਅ ਦੇ ਵਿਚਕਾਰ ਆਈ ਹੈ। ਰਿਆਧ ਵਿੱਚ ਭਾਰਤੀ ਦੂਤਾਵਾਸ ਨੇ ਭਾਰਤੀ ਨਾਗਰਿਕਾਂ ਨੂੰ ਮੌਜੂਦਾ ਵਿਕਾਸ ਨਾਲ ਸਬੰਧਤ ਵੀਡੀਓ ਜਾਂ ਖ਼ਬਰਾਂ ਸਾਂਝੀਆਂ ਕਰਨ ਤੋਂ ਵੀ ਗੁਰੇਜ਼ ਕਰਨ ਲਈ ਕਿਹਾ ਹੈ। "ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਸਾਰੇ ਭਾਰਤੀ ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਥਾਨਕ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਰਹਿਣ, ਹਵਾਈ ਹਮਲਿਆਂ ਦੀ ਸਥਿਤੀ ਵਿੱਚ ਘਰ ਦੇ ਅੰਦਰ ਰਹਿਣ, ਅਤੇ ਮੌਜੂਦਾ ਵਿਕਾਸ ਨਾਲ ਸਬੰਧਤ ਵੀਡੀਓ ਜਾਂ ਖ਼ਬਰਾਂ ਪ੍ਰਸਾਰਿਤ ਕਰਨ ਤੋਂ ਗੁਰੇਜ਼ ਕਰਨ," ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ।

We assist businesses and individuals with legal needs in areas of :

BC NOTARIES

A TRUSTED TRADITION

AG Aanchal Ghai Notary Corporation

REAL ESTATE CONVEYANCING
- Sales & Purchases
- Refinancing
- Title Transfers

PERSONAL PLANNING
- Powers of Attorney
- Wills
- Representation Agreement



Aanchal Ghai
Notary Public

NOTARIZATIONS
- Affidavits
- Invitation Letters
- Certified True Copies
- Travel Consent Letter
- Statutory Declarations
- Powers of Attorney



Navdeep K Gill
Notary Public

For information call:

604-503-2227

Unit 151 - 12899, 80 Ave, Surrey, B.C. V3W 0E6 Payal Business Center on the ground floor
aanchal@ghainotary.ca navdeep@ghainotary.ca www.ghainotary.ca

Pizza Factory

ਨਵਾਂ ਪੀਜਾ ਸਟੋਰ ਖੋਲ੍ਹਣ/Franchise ਖਰੀਦਣ,
ਪੀਜੇ ਨਾਲ ਸਬੰਧਤ ਕੋਈ ਵੀ ਸਮਾਨ ਹੋਲਸੇਲ ਕੀਮਤ ਤੇ ਲੈਣ ਲਈ ਫੋਨ ਕਰੋ Ph:604-941-7000



GILL DRAFTING LTD.

Your Satisfaction Is Our Motto



Experienced in:
- Architectural & Structural
- Residential & Commercial Drafting
- Computer Aided Home Designs

Specialized in:
- Design Controlled Subdivisions
- Custom Made & Stock Plans



Call: JATINDERPAL SINGH GILL
Bachelor in Engineering

Phone: 604-599-6886

211-12877 76 Ave, Surrey BC V3W 1E6 | Email: info@gilldrafting.com

WWW.GILLDRAFTING.COM

STUDIO 7
Cinema · Photography · Events
ਸਿਨੇਮਾ · ਸਟੂਡੀਓ · ਸਮਾਗਮ


Open 7 Days

60% OFF
On July & Aug. Events

Wedding Photography & Videography
ਵਿਆਹ ਲਈ ਫੋਟੋਗ੍ਰਾਫੀ ਅਤੇ ਵੀਡੀਓ







#103 12815 85 Ave, Surrey, BC
www.studio7production.ca | 604-442-8781

E-FILE

ਟੈਕਸ ਭਰਵਾਓ

TAX

Personal Tax Business Tax Corporate Tax
ਪਰਸਨਲ ਟੈਕਸ ਬਿਜ਼ਨੈਸ ਟੈਕਸ ਕੌਰਪੋਰੇਟ ਟੈਕਸ

Bookkeeping, T4, Payroll, GST, WCB

INDIA VISA ਇੰਡੀਆ ਵੀਜਾ
Application ਐਪਲੀਕੇਸ਼ਨ

India E-Visa, Entry Visa Application for 1 Year & 5 Years
ਇੰਡੀਆ ਈ-ਵੀਜਾ, ਐਂਟਰੀ ਵੀਜਾ ਐਪਲੀਕੇਸ਼ਨ 1 ਸਾਲ ਅਤੇ 5 ਸਾਲ ਲਈ

Overseas Citizenship of India Application (OCI)
ਇੰਡੀਆ ਦਾ ਲਾਈਫ ਟਾਈਮ ਵੀਜਾ ਐਪਲੀਕੇਸ਼ਨ *(OCI)*

Passport, PCC Application (All Countries), Name Change Application
ਪਾਸਪੋਰਟ, ਪੀ ਸੀ ਸੀ ਐਪਲੀਕੇਸ਼ਨ (ਸਾਰੇ ਦੇਸ਼ਾਂ ਲਈ) ਨਾਮ ਬਦਲਣ ਦੀ ਐਪਲੀਕੇਸ਼ਨ

Immigration/ਇੰਮੀਗਰੇਸ਼ਨ

PR Card Application, Citizenship Application, Work Permit, Study Permit
LMIA, Super Visa, H&C Application, Spousal Sponsership

Pan Card Application for India
ਇੰਡੀਆ ਪੈਨ ਕਾਰਡ ਐਪਲੀਕੇਸ਼ਨ

PASSPORT PHOTOS SERVICE

Visitor Visa for USA, UK (England), Australia, Pakistan, China, Dubai (UAE),
ਵਿਜ਼ੀਟਰ ਵੀਜਾ ਐਪਲੀਕੇਸ਼ਨ Schengen Visa for Italy, France, Germany & Spain

★ ਇੰਪਲੌਇਮੈਂਟ ਇੰਸ਼ੌਰੰਸ ਐਪਲੀਕੇਸ਼ਨ
★ ਸੀ.ਪੀ.ਪੀ. ਐਪਲੀਕੇਸ਼ਨ
★ ਓਲਡ ਏਜ ਪੈਂਸਨ ਐਪਲੀਕੇਸ਼ਨ
★ ਕਨੇਡਾ ਚਾਇਲਡ ਟੈਕਸ ਬੈਨੀਫਿਟ ਐਪਲੀਕੇਸ਼ਨ (ਵਰਕ ਪਰਮਿਟ ਹੋਲਡਰ ਅਤੇ ਸਟੂਡੈਂਟ ਲਈ)

★ EI Application
★ CPP Application
★ Old Age Pension Application
★ Canada Child Tax Benefit Application (For Work Permit holders & Students)

GURJIT GILL & ASSOCIATES LTD.
ਗੁਰਜੀਤ ਗਿੱਲ (ਘਵੱਦੀ)



PH:604-767-2845, 778-565-2845

#103 - 8140 -120th St, Surrey, BC, V3V 3C9
Mon to Sat - 8:30 to 5:30
gurjitgill.associates@gmail.com

ਗੁਰਦੁਆਰਾ ਸਾਹਿਬ ਸੁਖ ਸਾਗਰ

347 Wood St New Westminster BC. Ph: 604-521-3111

* Fax: 604-521-4936 www.sukhsagar.ca email: info@sukhsagar.ca *

16 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸੇਵਾ ਭਾਈ ਸ਼ਿਵਰਾਜ ਸਿੰਘ ਬੈਂਸ ਪਰਿਵਾਰ ਵੱਲੋਂ

18 ਅਕਤੂਬਰ ਦਿਨ ਐਤਵਾਰ ਸਵੇਰੇ 8.45 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਸੇਵਾ ਭਾਈ ਸ਼ਿਵਰਾਜ ਸਿੰਘ ਬੈਂਸ ਪਰਿਵਾਰ ਵੱਲੋਂ

16 ਅਕਤੂਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ ਬੀਬੀ ਸੁਰਿੰਦਰ ਕੌਰ ਚਾਹਲ ਪਰਿਵਾਰ ਵੱਲੋਂ

18 ਅਕਤੂਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਵੇਰੇ 9.30 ਵਜੇ ਬੀਬੀ ਸੁਰਿੰਦਰ ਕੌਰ ਚਾਹਲ ਪਰਿਵਾਰ ਵੱਲੋਂ

16 ਅਕਤੂਬਰ ਦਿਨ ਸ਼ੁੱਕਰਵਾਰ ਅਨੰਦ ਕਾਰਜ ਕਾਕਾ ਹਰਜੋਤ ਸਿੰਘ ਗਰੇਵਾਲ ਅਤੇ ਬੀਬਾ ਹਮਦੀਪ ਕੌਰ ਹੇਅਰ

17 ਅਕਤੂਬਰ ਦਿਨ ਸ਼ਨਿੱਚਰਵਾਰ ਅਨੰਦ ਕਾਰਜ ਕਾਕਾ ਕਸਦੀਪ ਸਿੰਘ ਭਾਟੀਆ ਅਤੇ ਬੀਬਾ ਹੀਰਲ ਕੌਰ ਲਾਂਬਾ

17 ਅਕਤੂਬਰ ਦਿਨ ਸ਼ਨਿੱਚਰਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਗੁਰਦਿਆਲ ਸਿੰਘ ਬਾਧ ਅਤੇ ਭਾਈ ਲਖਵਿੰਦਰ ਸਿੰਘ ਸਹੋਤਾ ਪਰਿਵਾਰਾਂ ਵੱਲੋਂ

18 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਵੀਰਇੰਦਰਪਾਲ ਸਿੰਘ ਪਰਿਵਾਰ ਵੱਲੋਂ

18 ਅਕਤੂਬਰ ਦਿਨ ਐਤਵਾਰ ਦੁਪਹਿਰ 12.30 ਵਜੇ ਫਿਊਨਰਲ ਅਤੇ 2 ਵਜੇ ਭੋਗ ਸ੍ਰੀ ਸਹਿਜ ਪਾਠ ਸਾਹਿਬ ਅਤੇ ਅੰਤਮ ਅਰਦਾਸ ਨਮਿਤ ਭਾਈ ਹਰਜੀਤ ਸਿੰਘ ਸਿੱਧੂ

18 ਅਕਤੂਬਰ ਦਿਨ ਐਤਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਗੁਨੀਤ ਸਿੰਘ ਰਿਆੜ ਪਰਿਵਾਰ ਵੱਲੋਂ

18 ਅਕਤੂਬਰ ਦਿਨ ਐਤਵਾਰ ਸ਼ਾਮ ਸਮੇਂ ਪਾਠ ਸ੍ਰੀ ਸੁਖਮਨੀ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਮਲਕੀਤ ਸਿੰਘ ਹੋਠੀ ਪਰਿਵਾਰ ਵੱਲੋਂ

21 ਅਕਤੂਬਰ ਦਿਨ ਬੁੱਧਵਾਰ ਸਵੇਰੇ ਭੋਗ ਸ੍ਰੀ ਸਹਿਜ ਪਾਠ ਸਾਹਿਬ, ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਰੁਪਿੰਦਰ ਸਿੰਘ ਮਾਂਗਟ ਪਰਿਵਾਰ ਵੱਲੋਂ

22 ਅਕਤੂਬਰ ਦਿਨ ਵੀਰਵਾਰ ਅਨੰਦ ਕਾਰਜ ਕਾਕਾ ਸਿਮਰਤਪਾਲ ਸਿੰਘ ਤੇਜਾ ਅਤੇ ਬੀਬਾ ਰੀਵਾ





ਸੇਵਾ ਨਿਭਾ ਰਹੇ ਜਥੇ

ਰਾਗੀ ਜਥੇ: ਭਾਈ ਕਮਲਜੀਤ ਸਿੰਘ ਰਬਾਬੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਨਾਮ ਸਿੰਘ ਰੁਦਰਪੁਰ (ਕਥਾਵਾਚਕ) ਭਾਈ ਗੁਰਸੇਵਕ ਸਿੰਘ ਢਾਡੀ ਜਥਾ:ਭਾਈ ਰਛਪਾਲ ਸਿੰਘ ਪਮਾਲ

ਵਧੇਰੇ ਜਾਣਕਾਰੀ ਜਾਂ ਗੁਰੂ ਘਰ ਵਿਖੇ ਪ੍ਰੋਗਰਾਮ ਕਰਵਾਉਣ ਲਈ

ਸੰਪਰਕ ਕਰੋ:604-537-8300

ਗੁਰੂਘਰ ਦਾ ਫੋਨ:604-521-3111 ਫੈਕਸ:604-521-4936

ਨਸਲਵਾਦ ਨੂੰ ਚੁਣੌਤੀ ਦੀ ਸ਼ਾਨਾਮੱਤੀ ਸਾਖੀ
ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਵੱਲੋਂ ਨਸਲਵਾਦੀ ਹਾਪਕਿਨਸਨ ਨੂੰ ਸੋਧਣ ਦੀ ਗੌਰਵਮਈ ਗਾਥਾ

ਡਾ. ਗੁਰਵਿੰਦਰ ਸਿੰਘ


ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ ਨੂੰ ਜ਼ਬਰਦਸਤ ਚੁਣੌਤੀ ਦੇਣ ਵਾਲੀ ਇੱਕ ਗੌਰਵਮਈ ਗਾਥਾ ਤੇ ਸ਼ਾਨਾਮੱਤਾ ਇਤਿਹਾਸ ਸਾਂਝਾ ਕਰ ਰਹੇ ਹਾਂ। ਇਸ ਸੱਚੀ ਸਾਖੀ ਨੂੰ ਕੈਨੇਡਾ ਦੇ ਬਹੁ-ਸਭਿਆਚਾਰਕ ਢਾਂਚੇ ਦਾ ਮੁੱਢ ਬੰਨ੍ਹਣ ਵਜੋਂ ਚੇਤੇ ਕੀਤਾ ਜਾਣਾ ਬਣਦਾ ਹੈ। ਇਸ ਗਾਥਾ ਦਾ ਖਲਨਾਇਕ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦਾ ਏਜੰਟ ਐਂਗਲੋ-ਇੰਡੀਅਨ ਵਿਲੀਅਮ ਹਾਪਕਿਨਸਨ ਹੈ, ਜਿਸ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਆਪਣੇ ਏਜੰਟ ਰਾਹੀਂ ਸ਼ਹੀਦ ਕਰਵਾਇਆ ਸੀ। ਇਸ ਗੌਰਵਮਈ ਸਾਖੀ ਦਾ ਨਾਇਕ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਹੈ, ਜਿਸ ਨੇ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿੱਚ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ੀ ਦੁਸ਼ਟ ਹਾਪਕਿਨਸਨ ਨੂੰ ਸੋਧਿਆ ਸੀ। ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ।

21 ਅਕਤੂਬਰ 1914 ਦੇ ਦਿਨ ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ ਸੀ। ਇਹ ਇਤਿਹਾਸ ਜਾਨਣਾ ਇਸ ਕਰਕੇ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ, ਭਾਈ ਸਾਹਿਬ ਨੂੰ ਫਾਂਸੀ ਹੋਈ ਸੀ। ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਅੰਗਰੇਜ਼ ਅਤੇ ਮਾਂ ਭਾਰਤੀ ਹਿੰਦੂ ਸੀ, ਇਸੇ ਕਾਰਨ ਉਸ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖਿਲਾਫ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ ਲੰਡਨ' ਦੇ ਇੱਕ ਪੱਤਰਕਾਰ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇਕ ਰਿਪੋਰਟ ਲਈ ਵੱਧ ਤੋਂ ਵੱਧ ਖੁਫੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਬ੍ਰਿਟਿਸ਼ ਹਾਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈ ਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ। ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਵਿੱਚ ਘੁਸਪੈਠ ਕਰ ਲਿਆ।

ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ ਹਾਪਕਿਨਸਨ ਨੇ ਬੇਲਾ ਜਿਆਣ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭਰਿਸ਼ਟਾਚਾਰੂ ਕਾਰਵਾਈਆਂ ਜ਼ਾਹਿਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਸੂਹੀਏ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਹਾਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖਿਲਾਫ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ।

ਹਾਪਕਿਨਸਨ ਦੀ ਸਭ ਤੋਂ ਵੱਡੀ ਜ਼ਾਲਮਾਨਾ



ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਸਿੱਖਾਂ ਨੂੰ ਸ਼ਹੀਦ ਕਰਵਾਉਣ ਦੀ ਸੀ। ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਦੇ ਭਿਅੰਕਰ ਦੋਸ਼ ਕਰ ਕੇ ਅੱਜ ਤੋਂ 112 ਵਰ੍ਹੇ ਪਹਿਲਾਂ, ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ। ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ ਸ਼ਹੀਦ ਊਧਮ ਸਿੰਘ ਦੇ ਇਨਕਲਾਬੀ ਕਦਮ ਤੋਂ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ।

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ 'ਚ ਕੰਮ ਕਰਦੇ ਸਨ, ਪਰ ਉਨ੍ਹਾਂ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ੧) ਨਗਰ ਰਹੀਮਪੁਰ ਦਾਸੂਪੁਰ ਦੀ ਸੰਗਤ ਵੱਲੋਂ ੨) ਨਗਰ ਜਿਓਣਵਾਲਾ ਫਰੀਦਕੋਟ ਦੀ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਇਹ ਅਖੰਡ ਪਾਠ ਸਾਹਿਬ 16 ਅਕਤੂਬਰ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 18 ਅਕਤੂਬਰ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ। ਉਪਰੰਤ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।



•17 ਅਕਤੂਬਰ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਕਾਕਾ ਅਮਰਪ੍ਰੀਤ ਸਿੰਘ ਮੁੰਡੀ ਅਤੇ ਬੱਚੀ ਇੰਦਰਜੀਤ ਕੌਰ ਘੁੰਮਣ ਦੇ ਅਨੰਦ ਕਾਰਜ ਹੋਣਗੇ।

•17 ਅਕਤੂਬਰ ਦਿਨ ਸ਼ਨਿੱਚਰਵਾਰ ਸ਼ਾਮ 5:30 ਵਜੇ ਪਾਠ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਦੀ ਸੇਵਾ 1) ਭਾਈ ਮੁਖਤਿਆਰ ਸਿੰਘ ,੨) ਮਨੋਹਰ ਲਾਲ ਪ੍ਰਵਾਰ ਵੱਲੋਂ ਹੋਵੇਗੀ।

*ਅੰਤਿਮ ਸਸਕਾਰ ਸਵ ਸ਼ਿੰਗਾਰਾ ਸਿੰਘ ਧੁੱਗਲ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ 18 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਹੋਵੇਗਾ ਉਪਰੰਤ 11:30 ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

*22 ਅਕਤੂਬਰ ਦਿਨ ਵੀਰਵਾਰ ਸ਼ਾਮ 5:30 ਵਜੇ ਪਾਠ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਭੁਪਿੰਦਰ ਸਿੰਘ ਚਾਹਲ ਪਰਿਵਾਰ ਵੱਲੋਂ ਹੋਵੇਗੀ।

ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੀ ਪਾਠ ਸੰਥਿਆ ਆਰੰਭ ਹੋਣ ਜਾ ਰਹੀ ਜੋ ਕਿ ਸੋਮਵਾਰ ਤੋਂ ਵੀਰਵਾਰ ਸ਼ਾਮ 7 ਤੋਂ 8 ਵਜੇ ਤੱਕ ਹੋਵੇਗੀ ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਚੜ੍ਹ ਕੇ ਲਾਹੇ ਪ੍ਰਾਪਤ ਕਰੋ ਜੀ।

ਨੋਟ:ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤੱਕ ਬਜ਼ੁਰਗਾਂ ਵਾਸਤੇ ਟੈਕਸ ਫਾਰਮ, ਬੁਢਾਪਾ ਪੈਨਸ਼ਨ, ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬੱਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Service) ਭਰੇ ਜਾਂਦੇ ਹਨ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਰਾਗੀ ਜਥਾ:ਭਾਈ ਦਿਆਲ ਸਿੰਘ ਜੀ, ਭਾਈ ਪਰਮਿੰਦਰ ਸਿੰਘ ਜੀ ਕਥਾਵਾਚਕ:ਭਾਈ ਗੁਰਸ਼ਰਨ ਸਿੰਘ ਚੀਮਾ ਢਾਡੀ ਜਥਾ ਭਾਈ ਵਰਿੰਦਰ ਸਿੰਘ ਵਾਰਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224

ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨ੍ਹਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ। ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼' ਦੇ ਵੈਨਕੂਵਰ ਪੁੱਜਣ 'ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫੋਰਡ ਦੇ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ 'ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ 1914 ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾ ਵਿੱਚ ਭਾਈ ਦਲੀਪ ਸਿੰਘ ਫਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਵਿਅਕਤੀ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ।

ਹਿੰਦੁਸਤਾਨੀ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਹਾਪਕਿਨਸਨ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ। ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। ਹਿੰਦੁਸਤਾਨ, ਬਰਤਾਨੀਆ ਅਤੇ ਡੋਮੇਨੀਅਨ ਕੈਨੇਡੀਅਨ ਹਕੂਮਤਾਂ ਦਾ ਤੀਹਰਾ ਏਜੰਟ ਵਿਲੀਅਮ ਹਾਪਕਿਨਸਨ ਸਾਰਿਆਂ ਲਈ 'ਮਹੱਤਵਪੂਰਨ' ਸੀ ਅਤੇ ਉਸ ਨੂੰ ਦਫਨਾਉਣ ਸਮੇਂ 2000 ਦੇ ਕਰੀਬ ਪੁਲਿਸ ਕਰਮਚਾਰੀ, ਫਾਇਰਮੈਨ, ਇਮੀਗ੍ਰੇਸ਼ਨ ਅਤੇ ਕਸਟਮ ਅਧਿਕਾਰੀ ਸ਼ਾਮਿਲ ਹੋਏ ਤੇ ਵੱਡਾ ਮਾਰਚ ਕੀਤਾ ਗਿਆ।

30 ਅਕਤੂਬਰ 1914 ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੋਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਭਾਈ ਸਾਹਿਬ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ 'ਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿੰਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਨੇ ਨਿਡੱਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਵਿਚ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ : ' 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ... ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ ਪਰ ਇਨ੍ਹਾਂ ਪਾਪੀਆਂ ਨੇ ਗੁਰੁਦਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ 'ਚ ਅੱਗ ਲਾ ਦਿੱਤੀ ਹੈ।

(ਬਾਕੀ ਸਫਾ ਏ-27 ਤੇ)



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ


ਹੋਰ ਜਾਣਕਾਰੀ ਲਈ ਫੋਨ ਕਰੋ

604-607-0333

UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.





Call today to book your special event

Jaswinder (Jessie) Thandi

Ph: 604.951.2905

Cell: 604.825.8588

Wedding, Anniversary, Birthday Party or Any other Occasion

ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING

Email: info@universaltent.ca www.universaltent.ca

UNIVERSAL BUILDING MAINTENANCE LTD.

Since 1987



*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi

Cell: 604-377-2641

Bus: 604-951-2909

Website:www.universalbuildingmaintenance.ca

Email:universalbuildingmaintenance01@gmail.com

PIZZA 17 SPECIAL DEALS

SHAHI PANEER RICE COMBO
$9.99
Shahi Paneer, Steamed Rice, 1 Naan, 1 Pop Can
MANAGER SPECIAL
Images for illustration only. Actual product may vary.

SHAHI PANEER RICE COMBO
WITH 1 NAAN AND 1 POP CAN
$13.99
MANAGER SPECIAL
Images for illustration only. Actual product may vary.

BUTTER CHICKEN RICE COMBO
$9.99
Butter Chicken, Steamed Rice
MANAGER SPECIAL
Images for illustration only. Actual product may vary.

BUTTER CHICKEN RICE COMBO
WITH 1 NAAN AND 1 POP CAN
$13.99
Butter Chicken, Steamed Rice, 1 Naan, 1 Pop Can
MANAGER SPECIAL
Images for illustration only. Actual product may vary.

BUTTER CHICKEN 12 INCH NAAN WRAP
(WHOLE WHEET WRAP EXTRA $2)
$9.99
Butter Chicken, 12 Inch Naan Wrap
MANAGER SPECIAL
Images for illustration only. Actual product may vary.

SHAHI PANEER 12 INCH NAAN WRAP
(WHOLE WHEET WRAP EXTRA $2)
$9.99
Shahi Paneer, 12 Inch Naan Wrap
MANAGER SPECIAL
Images for illustration only. Actual product may vary.

CHILLI PANNER 12 INCH NAAN WRAP
(WHOLE WHEET WRAP EXTRA $2)
$9.99
Chilli Panner, 12 Inch Naan Wrap
MANAGER SPECIAL
Images for illustration only. Actual product may vary.

FISH PAKORA 12 INCH NAAN WRAP
(WHOLE WHEET WRAP EXTRA $2)
$9.99
Fish Pakora, 12 Inch Naan Wrap
MANAGER SPECIAL
Images for illustration only. Actual product may vary.

SMALL 3 TOPPING PIZZA
WITH 1 POP CAN
$9.99
Small 3 Topping Pizza, 1 Pop Can
MANAGER SPECIAL
Images for illustration only. Actual product may vary.

CHANA BHATURA PLATE
WITH 1 POP CALY
$10.99
Served with 2 Bhatura, Indian Pickle and Chana Masala
MANAGER SPECIAL
Images for illustration only. Actual product may vary.

OVER $100 IN SAVINGS INSIDE!
TERMS AND CONDITIONS APPLY
COUPONS AND DISCOUNTS DOES NOT APPLY ON DEALS


GREAT DEALS EVERYDAY!
604-496-1511 | 236-335-1511
DINE IN • TAKE OUT
DELIVERY • CATERING
TERMS AND CONDITIONS APPLY

PRIME X AUTO SPA

Auto Detailing & Hand Car Wash

*Tint *PPF *Ceramic Coating *Paint Correction *Car Wrap *Star Light





ਕਾਰਾਂ, ਟਰੱਕਾਂ, ਡੰਪ ਟਰੱਕਾਂ ਦੀ ਫੁੱਲ ਡੀਟੇਲਿੰਗ ਕਰਦੇ ਹਾਂ

ਵਧੀਆ ਸਰਵਿਸ ਵਾਜਿਬ ਰੇਟ

Open 7 Days A Week

Call: 778-389-1411

#105-8377-128St, Surrey BC (In Red FM Plaza)

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

ਸ਼੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ

SHRI GURU RAVIDASS SABHA, VANCOUVER

7271 - GILLEY AVENUE, BURNABY BC CANADA, V5J 4W9 TEL: 604 435 9997 FAX: 604 435 7771

Web: www.gururavidasssabha.ca E-mail: info@gururavidasssabha.com

ਜੈ ਗੁਰੂਦੇਵ ।। ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।। ਜੈ ਭੀਮ ।।





*15 ਅਕਤੂਬਰ ਦਿਨ ਵੀਰਵਾਰ ਨੂੰ ਕੱਤਕ ਮਹੀਨੇ ਦੀ ਸੰਗਰਾਂਦ ਮਨਾਈ ਜਾਵੇਗੀ

*18 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ, ਲੰਗਰਾਂ ਅਤੇ ਦੇਗਾਂ ਦੀ ਸੇਵਾ ਗੁਰੂ ਘਰ ਦੇ ਸੇਵਾਦਾਰ ਸ੍ਰੀ ਧਨੀ ਰਾਮ ਸੁਨਾਰ ਅਤੇ ਸਵਰਗਵਾਸੀ ਬੀਬੀ ਮਹਿੰਦਰ ਕੌਰ ਸੁਨਾਰ ਅਤੇ ਸਮੂਹ ਸੁਨਾਰ ਪਰਿਵਾਰ ਵੱਲੋਂ ਕੀਤੀ ਜਾਵੇਗੀ

*25 ਅਕਤੂਬਰ ਦਿਨ ਐਤਵਾਰ ਨੂੰ ਲੰਗਰਾਂ ਅਤੇ ਦੇਗਾਂ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ।

*1 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੇ ਫਾਊਂਡਰ ਮੈਂਬਰ ਗੁਰਬਖਸ਼ ਸਿੰਘ ਢੰਡਾਂ ਜੀ ਦੇ ਪਰਿਵਾਰ ਵੱਲੋਂ ਗੁਰਬਖਸ਼ ਸਿੰਘ ਢੰਡਾਂ ਜੀ ਦਾ 87ਵਾਂ ਜਨਮ ਦਿਨ ਮਨਾਇਆ ਜਾਵੇਗਾ। ਪਰਿਵਾਰ ਵੱਲੋਂ ਇਸ ਖੁਸ਼ੀ ਦੇ ਮੌਕੇ ਸਾਹਿਜ ਪਾਠ ਕਰਵਾਇਆ ਜਾਵੇਗਾ। ਸਹਿਜ ਪਾਠ ਦੀ ਅਰੰਭਤਾ 25 ਅਕਤੂਬਰ ਦਿਨ ਐਤਵਾਰ ਨੂੰ ਹੋਵੇਗੀ ਅਤੇ ਭੋਗ 1 ਨਵੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਢੰਡਾਂ ਪਰਿਵਾਰ ਵੱਲੋਂ ਗੁਰੂ ਕੇ ਲੰਗਰਾਂ ਅਤੇ ਦੇਗਾਂ ਦੀ ਸੇਵਾ ਕੀਤੀ ਜਾਵੇਗੀ ।ਆਪ ਸੰਗਤਾਂ ਨੂੰ ਇਸ ਖੁਸ਼ੀ ਦੇ ਮੌਕੇ ਗੁਰਦੁਆਰਾ ਸਾਹਿਬ ਵਿਖੇ ਆਉਣ ਦੀ ਬੇਨਤੀ ਕੀਤੀ ਜਾਂਦੀ ਹੈ ।

***8 ਨਵੰਬਰ ਦਿਨ ਐਤਵਾਰ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਦਿਹਾੜਾ ਮਨਾਇਆ ਜਾਵੇਗਾ। ਸਾਰਾ ਦਿਨ ਲੰਗਰਾਂ ਦੀ ਸੇਵਾ ਗੁਪਤ ਪਰਿਵਾਰਾਂ ਵੱਲੋਂ ਕੀਤੀ ਜਾਵੇਗੀ।**

*15 ਨਵੰਬਰ ਦਿਨ ਐਤਵਾਰ ਨੂੰ ਲੰਗਰਾਂ ਦੀ ਸੇਵਾ ਸਾਧ ਸੰਗਤ ਵੱਲੋਂ ਕੀਤੀ ਜਾਵੇਗੀ।



ਸਾਧ ਸੰਗਤ ਨੂੰ ਬੇਨਤੀ

ਆਪ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕ੍ਰਿਪਾ ਕਰਕੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਜ਼ਰੂਰ ਬੁੱਕ ਕਰਵਾਓ। ਆਪ ਜੀ ਦੇ ਬਹੁਤ-ਬਹੁਤ ਧੰਨਵਾਦੀ ਹੋਵਾਂਗੇ।
The Sangat is humbly requested to book a date for Langar and Degh seva. It will be immensely appreciated.

ਆਪ ਸੰਗਤਾਂ ਨੂੰ ਨਿਮਰਤਾ ਸਹਿਤ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਹੁਣ ਇਮਾਰਤ ਬਣਾਉਣ ਦਾ ਕੰਮ ਸ਼ੁਰੂ ਹੈ। ਆਪ ਸੰਗਤਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਵਾਸਤੇ ਮਾਇਆ ਦਾਨ ਜ਼ਰੂਰ ਕਰਨ ਦੀ ਕ੍ਰਿਪਾਲਤਾ ਕਰਨੀ। ਆਪ ਸਾਰੀਆਂ ਸੰਗਤਾਂ ਦਾ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ।
It is with great honour we can report the Foundation Stone for the new Gurughar has been laid. Now the construction has commenced and the Sangat is reminded to generously donate funds to the construction effort. Your contributions are appreciated by the Gurughar's Prabandhak Committee.

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਪਰਿਵਾਰਾਂ ਦੇ ਪਤੇ, ਫੋਨ ਨੰਬਰ ਅਤੇ ਈਮੇਲ ਬਦਲ ਗਏ ਹਨ, ਕਿਰਪਾ ਕਰਕੇ ਪ੍ਰਬੰਧਕ ਕਮੇਟੀ ਨੂੰ ਨੋਟ ਕਰਵਾ ਦਿਉ ਜੀ।

ਲੰਗਰ, ਵਿਆਹ ਸ਼ਾਦੀ, ਅਖੰਡ ਪਾਠ ਸਾਹਿਬ, ਜਨਮ ਦਿਨ ਅਤੇ ਹੋਰ ਪ੍ਰੋਗਰਾਮ ਦੀ ਬੁਕਿੰਗ ਕਰਵਾਉਣ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

TO BOOK PROGRAMS OR GURDWARA SEVA AND OTHER INFORMATION PLEASE CONTACT: 604-435-9997

ਅਸੀਂ ਗੁਰੂ ਰਵਿਦਾਸ ਸਭਾ 'ਚ ਲੰਗਰ ਸੇਵਾ ਲੈਣ ਲਈ ਕਮਿਊਨਿਟੀ/ਸੰਗਤ ਨੂੰ ਬੇਨਤੀ ਕਰਦੇ ਹਾਂ। ਲੰਗਰ ਸੇਵਾ ਦੇ ਦਿਨਾਂ ਦੀ ਉਪਲੱਬਧਤਾ ਬਾਰੇ ਜਾਣਕਾਰੀ ਲੈਣ ਲਈ ਕ੍ਰਿਪਾ ਸੰਪਰਕ ਕਰੋ:

PRESIDENT
HARJIT KUMAR SOHPAUL 778-668-2653

1st Vice President
RAMESH SAROYA 604-341-2652

2nd Vice President
SANTOKH JASSAL 604-671-6365

General Secretary
AMARJIT SINGH LEALH
604-307-6174

Assistant Secretary
MICHAEL GHIRRA 604-715-7039

Treasurer
RAJESH KUMAR TOORA
604-671-3853

Assistant Treasurer
KEWAL SIDHU 604-551-5588

BOARD OF DIRECTORS
Harish Bains
Harjinder S. Sahni
Piara Singh Hira
Surinder Pal Kalsi
Rakesh Kumar
Bill Basra
Kuldeep Singh Kauldhar
(Spokesman)
Sudarshan Ardhawa

TRUSTEES
Ranjodh Washal
Jaswant Rai Jassal
Nirmal Klair
Sahil Gaught
Gurmail Singh Pal

CONSERVATIVE
PARTY OF SURREY

ELECT

ਬਦਲਾਅ ਦਾ ਸਮਾਂ

ਟੀਮ ਹੋਨਵੀਰ ਰੰਧਾਵਾ



















$600 ਰਿਹਾਇਸ਼ੀ ਪ੍ਰਾਪਰਟੀ ਟੈਕਸ ਵਿੱਚ ਕਟੌਤੀ

0% 4 ਸਾਲ ਲਈ ਪ੍ਰਾਪਰਟੀ ਟੈਕਸ ਵਿੱਚ ਕੋਈ ਵਾਧਾ ਨਹੀਂ

ਸਰੀ ਲਈ ਸੀਨੀਅਰਾਂ ਅਤੇ ਬੱਚਿਆਂ ਦਾ ਹਸਪਤਾਲ

ਜਨਤਕ ਵਾਸ਼ਰੂਮ ਯੋਜਨਾ

ਪਹਿਲੇ 100 ਦਿਨਾਂ ਵਿੱਚ ਜਨਤਕ ਵਾਸ਼ਰੂਮ ਯੋਜਨਾ ਲਿਆਉਣ ਦਾ ਵਾਅਦਾ

ਬਿਲਡਿੰਗ ਪਰਮਿਟ ਦੀ ਗਾਰੰਟੀ

ਸਿਰਫ਼ 7 ਦਿਨਾਂ ਵਿੱਚ

ਹਮਦਰਦੀ ਪੂਰਵਕ ਅਮਲ ਯੋਜਨਾ

ਅਸੀਂ ਨਿਵਾਸੀਆਂ ਦੀਆਂ ਅਮਲ ਸਬੰਧੀ ਸਮੱਸਿਆਵਾਂ ਅਤੇ ਸਟਾਪ ਵਰਕ ਆਰਡਰ ਸੁਲਝਾਉਣ ਵਿੱਚ ਮਦਦ ਕਰਾਂਗੇ

ਘਰ ਮਾਲਕ ਸੁਰੱਖਿਆ ਯੋਜਨਾ

ਮੰਦੇ ਕਿਰਾਏਦਾਰਾਂ ਕਾਰਨ ਹੋਏ ਨੁਕਸਾਨ ਤੋਂ ਘਰ ਮਾਲਕਾਂ ਦੀ ਸੁਰੱਖਿਆ

ਸਰੀ CONSERVATIVES ਨੂੰ ਵੋਟ ਦਿਓ: ਇਹ ਬਦਲਾਅ ਦਾ ਸਮਾਂ ਹੈ




ਅਗਾਊਂ ਵੋਟਿੰਗ 7 10 14 15 ਅਕਤੂਬਰ 2026

ਵੋਟ ਪਾਓ - 17 ਅਕਤੂਬਰ 2026

Authorized by David Denhoff, Financial Agent for the Conservative Electors Association. info@conservativeassociation.ca

ਇੰਡੋ ਕਨੇਡੀਅਨਜ਼ ਸੀਨੀਅਰ ਸੁਸਾਇਟੀ ਐਬਟਸਫੋਰਡ ਬੀ.ਸੀ ਕੈਨੇਡਾ ਦਾ ਸਲਾਨਾ ਜਰਨਲ ਇਜਲਾਸ ਅਤੇ ਸਨਮਾਨ ਸਮਾਰੋਹ







ਐਬਟਸਫੋਰਡ:-ਇੰਡੋ ਕਨੇਡੀਅਨਜ਼ ਸੀਨੀਅਰ ਸੁਸਾਇਟੀ ਐਬਟਸਫੋਰਡ ਬੀ.ਸੀ ਕੈਨੇਡਾ ਦਾ ਸਲਾਨਾ ਜਰਨਲ ਇਜਲਾਸ ਅਤੇ ਸਨਮਾਨ ਸਮਾਰੋਹ 4 ਅਕਤੂਬਰ 2026 ਦਿਨ ਐਤਵਾਰ ਨੂੰ ਹੋਇਆ। ਇਸ ਵਿੱਚ ਇੰਡੋ ਕੈਨੇਡੀਅਨ ਸੀਨੀਅਰਜ਼ ਸੁਸਾਇਟੀ ਐਬਟਸਫੋਰਡ ਬੀਸੀ ਦੇ ਮੈਂਬਰਾਂ ਨੇ ਭਰਮੀ ਸ਼ਮੂਲੀਅਤ ਕੀਤੀ। ਸ਼ੁਰੂ ਵਿੱਚ ਸ. ਸੁਖਦੇਵ ਸਿੰਘ ਬਰਾੜ ਪ੍ਰਧਾਨ ਨੇ ਸਮੇਂ ਸਰ ਪਹੁੰਚਣ ਤੇ ਸੀਨੀਅਰ ਮੈਂਬਰਜ਼ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਸਮਾਗਮ ਦੀ ਕਾਰਵਾਈ ਸ਼ੁਰੂ ਹੋਈ ਸਰਦਾਰ ਸੁਖਦੇਵ ਸਿੰਘ ਮੱਲੀ ਜਨਰਲ ਸਕੱਤਰ ਨੇ ਸਾਲ 2026 ਵਿੱਚ ਕੀਤੇ ਕੰਮਾਂ ਦਾ ਵੇਰਵਾ ਵਿਸਥਾਰ ਪੂਰਵਕ ਦੱਸਿਆ ਖਾਸ ਕਰਕੇ ਲਗਭਗ 300 ਮੈਂਬਰ ਬਣ ਤੇ ਖੁਸ਼ੀ ਪ੍ਰਗਟ ਕੀਤੀ। ਮੈਂਬਰਾਂ ਦੀ ਗਿਣਤੀ ਵਧਣ ਅਤੇ ਸਹਿਯੋਗ ਲਈ ਧੰਨਵਾਦ ਕੀਤਾ।ਸ. ਗੋਵਿੰਦਰ ਸਿੰਘ ਸਰਾਂ ਖਜਾਨਚੀ ਨੇ ਸਲਾਨਾ ਆਮਦਨ ਅਤੇ ਖਰਚ ਬਾਰੇ ਜਾਣਕਾਰੀ ਦਿੱਤੀ। ਸੁਸਾਇਟੀ ਮੈਂਬਰਾਂ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ।ਸ. ਮੱਖਣ ਸਿੰਘ ਗਿੱਲ ਨੇ ਸੁਸਾਇਟੀ ਵੱਲੋਂ ਕੀਤੇ ਕੰਮਾਂ ਬਾਰੇ ਵਿਸਥਾਰ ਨਾਲ ਦੱਸਿਆ,ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਅੱਗੇ ਨੂੰ ਕੰਮਾਂ ਲਈ ਸਹਿਯੋਗ ਦਾ ਭਰੋਸਾ ਦਿੱਤਾ।ਉਨਾ ਕਈ ਸਾਰਥਕ ਸੁਝਾਅ ਵੀ ਦਿੱਤੇ।ਸ.ਰਾਜਿੰਦਰ ਸਿੰਘ ਢਿੱਲੋ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੀਨੀਅਰਜ਼ ਦਾ ਧੰਨਵਾਦ ਕੀਤਾ।ਅਖੀਰ ਵਿੱਚ ਸੀਨੀਅਰ ਮੈਂਬਰਜ਼ ਜੋ ਕਿ 80 ਸਾਲ ਦੇ ਹੋ ਚੁੱਕੇ ਹਨ ਉਹਨਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਅਖਰਿ ਵਿੱਚ ਸ.ਸੁਖਦੇਵ ਸਿੰਘ ਬਰਾੜ ਪ੍ਰਧਾਨ, ਸ.ਸੁਖਦੇਵ ਸਿੰਘ ਮੱਲੀ ਜਨਰਲ ਸਕੱਤਰ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਾਰਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

MB BRAR & Co.

Accounting & Business Professionals

INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1) ◆ ਪਰਸਨਲ ਟੈਕਸ
- Sole Proprietor ◆ ਪ੍ਰੋਪਰਾਇਟਰ
- Corporate Tax (T2) ◆ ਕੋਰਪੋਰੇਟ ਟੈਕਸ
- Partnerships ◆ ਪਾਰਟਨਰਸ਼ਿਪ
- GST, PST & HST ◆ ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB ◆ ਡਬਲਿਊ.ਸੀ.ਬੀ.
- CRA Reviews ◆ ਸੀ.ਆਰ.ਏ. ਰਿਵੀਉਜ਼
- Business Planning ◆ ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317

mandeep@brarco.ca



Continental Immigration Solutions

"Helping Make Canada Home"

- Super Visa ◆ ਸੁਪਰ ਵੀਜਾ
- Permanent Residence ◆ ਪਰਮਾਨੈਂਟ ਰੇਜੀਡੈਂਸ
- Study Permit ◆ ਸਟੱਡੀ ਪਰਮਿਟ
- Work Permit ◆ ਵਰਕ ਪਰਮਿਟ
- Provincial Nominations ◆ ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship ◆ ਪਤੀ/ਪਤਨੀ ਸਪੌਂਸਰਸ਼ਿਪ

Sukhvir Chand RCIC, BBA

sukh@cisonline.ca

778-549-6851

www.cisonline.ca

Commissioner of Oaths for British Columbia


Member of CAPIC

iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

ਅਲਬਰਟਾ ਦੇ ਵੱਖ ਹੋਣ ਬਾਰੇ ਵੋਟਿੰਗ ਵਿੱਚ ਦਖ਼ਲ ਨਾ ਦੇਣ ਵਿਦੇਸ਼ੀ ਦੇਸ਼:ਕਾਰਨੀ

ਕੈਲਗਰੀ:ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਅਮਰੀਕਾ ਸਮੇਤ ਸਾਰੇ ਵਿਦੇਸ਼ੀ ਦੇਸ਼ਾਂ ਨੂੰ ਅਲਬਰਟਾ ਵਿੱਚ ਹੋਣ ਵਾਲੀ ਵੋਟਿੰਗ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਕੈਨੇਡਾ ਦੀ ਉਮੀਦ ਹੈ ਕਿ ਵਿਦੇਸ਼ੀ ਸਰਕਾਰਾਂ ਦੇਸ਼ ਦੀਆਂ ਚੋਣਾਂ ਅਤੇ ਰੈਫਰੈਂਡਮ ਦੀ ਪ੍ਰਕਿਰਿਆ ਤੋਂ ਦੂਰ ਰਹਿਣਗੀਆਂ। ਉਨ੍ਹਾਂ ਕਿਹਾ ਕਿ ਕੈਨੇਡਾ ਵੀ ਦੂਜੇ ਦੇਸ਼ਾਂ ਦੀਆਂ ਚੋਣਾਂ ਵਿੱਚ ਦਖ਼ਲ ਨਹੀਂ ਦਿੰਦਾ ਅਤੇ ਦੂਜੇ ਦੇਸ਼ਾਂ ਨੂੰ ਵੀ ਇਸੇ ਸਿਧਾਂਤ ਦੀ ਪਾਲਣਾ ਕਰਨੀ ਚਾਹੀਦੀ ਹੈ।ਵੀਰਵਾਰ ਸਵੇਰੇ ਕੈਲਗਰੀ ਵਿੱਚ ਗਲੋਬਲ ਨਿਊਜ਼ ਨਾਲ ਗੱਲਬਾਤ ਕਰਦਿਆਂ ਕਾਰਨੀ ਨੇ ਕਿਹਾ ਕਿ ਸਾਰੀਆਂ ਚੋਣਾਂ ਦੀ ਭਰੋਸੇਯੋਗਤਾ ਕਾਇਮ ਰੱਖਣਾ ਬੇਹੱਦ ਜ਼ਰੂਰੀ ਹੈ। ਇਸ ਵਿੱਚ ਸਥਾਨਕ, ਸੂਬਾਈ ਅਤੇ ਕੌਮੀ ਚੋਣਾਂ ਦੇ ਨਾਲ ਅਲਬਰਟਾ ਵਿੱਚ 19 ਅਕਤੂਬਰ ਨੂੰ ਹੋਣ ਵਾਲੀ ਵੋਟਿੰਗ ਵੀ ਸ਼ਾਮਿਲ ਹੈ। ਇਸ ਵੋਟਿੰਗ ਵਿੱਚ ਇਹ ਫ਼ੈਸਲਾ ਕੀਤਾ ਜਾਣਾ ਹੈ ਕਿ ਕੀ ਅਲਬਰਟਾ ਵਾਸੀ ਕੈਨੇਡਾ ਤੋਂ ਵੱਖ ਹੋਣ ਬਾਰੇ ਬੱਝਵੇਂ ਰੈਫਰੈਂਡਮ ਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨ ਦੇ ਹੱਕ ਵਿੱਚ ਹਨ। ਇਹ ਮਾਮਲਾ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਸੂਬੇ ਦੀ ਸਿਆਸਤ ਵਿੱਚ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਅਲਬਰਟਾ ਦੀ ਵੱਖਵਾਦੀ ਲਹਿਰ ਨਾਲ ਜੁੜੇ ਕੁਝ ਆਗੂਆਂ ਵੱਲੋਂ ਅਮਰੀਕਾ ਜਾ ਕੇ ਉੱਥੋਂ ਦੇ ਵਿਦੇਸ਼ ਵਿਭਾਗ ਤੋਂ ਸਹਾਇਤਾ ਮੰਗਣ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ।ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਖ਼ਜ਼ਾਨਾ ਮੰਤਰੀ ਸਕਾਟ ਬੇਸੈਂਟ ਨੇ ਅਲਬਰਟਾ ਨੂੰ ਅਮਰੀਕਾ ਦਾ ਕੁਦਰਤੀ ਭਾਈਵਾਲ ਦੱਸਿਆ ਸੀ। ਇਸੇ ਤਰ੍ਹਾਂ ਅਮਰੀਕੀ ਵਣਜ ਮੰਤਰੀ ਹਾਵਰਡ ਲੁਟਨਿਕ ਨੇ ਕਾਰਨੀ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਵੱਖਵਾਦੀ ਲਹਿਰ 'ਤੇ ਦਬਾਅ ਬਣਾਉਣ ਲਈ ਵਪਾਰਕ ਗੱਲਬਾਤ ਰੋਕ ਦਿੱਤੀ।



(ਸਫਾ ਏ-22 ਦੀ ਬਾਕੀ)

''ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈਂ ਹਾਪਕਿਨਸਨ ਨੂੰ ਗੋਲੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ, ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।'' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ 'ਚ ਉਨ੍ਹਾਂ ਪ੍ਰਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲਕੰਬਾਊ ਤਸਵੀਰ ਪੇਸ਼ ਕੀਤੀ ਹੈ।

ਨਸਲਵਾਦੀ ਹਾਪਕਿਨਸਨ ਦੇ ਕਤਲ ਦੀ ਜ਼ਿੰਮੇਵਾਰੀ ਭਾਈ ਮੇਵਾ ਸਿੰਘ ਵਲੋਂ ਕਬੂਲਣ ਮਗਰੋਂ, ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ, ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟਰ ਦੀ ਪ੍ਰੋਵਿੰਸ਼ਿਅਲ ਜੇਲ੍ਹ ਵਿੱਚ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ ''ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੇ'' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ੍ਹ ਗਏ। ਜੇਲ੍ਹ ਬਾਹਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ, ਧਰਮੀ ਯੋਧੇ ਦੀ 'ਜੈ ਜੈ ਕਾਰ' ਕਰ ਰਹੇ ਸਨ।

ਨਿਊ ਵੈਸਟਮਿਨਸਟਰ ਸ਼ਹਿਰ ਦੇ ਸਾਬਕਾ ਸਿਟੀ ਕੌਂਸਲਰ ਚੱਕਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਅਤੇ 11 ਜਨਵਰੀ ਨੂੰ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਨ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਸਾਬਕਾ ਕੌਂਸਲਰ ਚੱਕ ਪਕਮਾਇਰ ਨੂੰ ਸ਼ਹੀਦ ਭਾਈ ਮੇਵਾ ਸਿੰਘ ਜੀ ਦੀ ਸ਼ਹਾਦਤ ਦਾ ਐਲਾਨਨਾਮਾ ਜਾਰੀ ਕਰਨ, ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਅਤੇ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਨਿਭਾਈ ਇਤਿਹਾਸਕ ਭੂਮਿਕਾ ਲਈ ਸਦਾ ਚੇਤੇ ਕੀਤਾ ਜਾਂਦਾ ਰਹੇਗਾ। ਨਸਲਵਾਦ ਖ਼ਿਲਾਫ਼ ਡਟਣ ਵਾਲੇ ਸਮੂਹ ਭਾਈਚਾਰਿਆਂ ਨੂੰ ਮੰਗ ਕਰਨੀ ਚਾਹੀਦੀ ਹੈ ਕਿ ਸੂਬਾਈ ਅਤੇ ਫੈਡਰਲ ਪੱਧਰ ਦੇ ਸਿਆਸਤਦਾਨ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ।

21 ਅਕਤੂਬਰ 1914 ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ। ਅੱਜ ਲੋੜ ਅਜਿਹੇ ਆਗੂਆਂ ਦੀ ਹੈ, ਜੋ ਭਾਈ ਮੇਵਾ ਸਿੰਘ ਦੀ ਸੋਚ ਅਨੁਸਾਰ ਮੌਜੂਦਾ ਨਸਲਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਖ਼ਿਲਾਫ਼ ਡਟਣ। ਹਾਪਕਿਨਸਨ ਅਤੇ ਬੇਲੇ ਵਰਗਿਆਂ ਦੇ ਵਾਰਿਸ ਅੱਜ ਵੀ ਖ਼ਤਮ ਨਹੀਂ ਹੋਏ, ਜਿਸ ਕਰਕੇ ਸ਼ਹੀਦ ਮੇਵਾ ਸਿੰਘ ਲੋਪੋਕੇ ਦੇ ਵਾਰਿਸਾਂ ਨੂੰ ਤਕੜੇ ਹੋ ਕੇ ਮੈਦਾਨ ਵਿੱਚ ਨਿੱਤਰਨ ਦੀ ਲੋੜ ਹੈ, ਤਾਂ ਕਿ ਨਸਲਵਾਦੀ, ਬਸਤੀਵਾਦੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਾਲੀਆਂ ਹਕੂਮਤਾਂ ਖਿਲਾਫ਼ ਜੰਗ ਜਾਰੀ ਰੱਖਿਆ ਜਾ ਸਕੇ। ਅਜਿਹੇ ਕਦਮ ਨਸਲਵਾਦ ਦੇ ਮੁਕੰਮਲ ਖਾਤਮੇ ਵਿੱਚ ਸਹਾਈ ਸਿਧ ਹੋਣਗੇ।


TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI

ਅਕਾਲੀ ਸਿੰਘ ਸਿੱਖ ਸੋਸਾਇਟੀ

AKALI SINGH SIKH SOCIETY

1890 SKEENA STREET, VANCOUVER, B.C., CANADA, V5M 4L3

www.akalisinghgurdwara.ca | Email - akalisinghsikhsociety@gmail.com



ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਘਰ ਦੇ ਸ਼ਰਧਾਲੂ ਭਾਈ ਇਕਬਾਲ ਸਿੰਘ ਤੇ ਬੀਬੀ ਹਰਮੀਤ ਕੌਰ ਖੱਖ ਵੱਲੋਂ ਅਕਾਲ ਪੁਰਖ ਪਾਸੋਂ ਪ੍ਰਾਪਤ ਕੀਤੀਆਂ ਹੋਈਆਂ ਦਾਤਾਂ ਦਾ ਸ਼ੁਕਰਾਨਾ ਕਰਨ ਲਈ ਅਤੇ ਭਾਈ ਸਮੀਸ਼ ਪਾਲ ਸਿੰਘ ਤੇ ਬੀਬੀ ਅਮਨਪ੍ਰੀਤ ਕੌਰ ਅਜਮਾਨੀ ਵੱਲੋਂ ਆਪਣੇ ਸਪੁੱਤਰ ਕਾਕਾ ਸਹਿਜ ਅਜਮਾਨੀ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿੱਤ ਦੋਹਾਂ ਪਰਿਵਾਰਾਂ ਵੱਲੋਂ ਸਾਂਝੇ ਤੌਰ 'ਤੇ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ- 16 ਅਕਤੂਬਰ 2026, ਦਿਨ ਸ਼ੁੱਕਰਵਾਰ ਸਵੇਰ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 18 ਅਕਤੂਬਰ 2026, ਦਿਨ ਐਤਵਾਰ ਸਵੇਰ 09:30 ਵਜੇ

ਭੋਗ ਉਪਰੰਤ ਗੁਰੂ ਘਰ ਦੇ ਕੀਰਤਨੀ ਜੱਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੌਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

15 ਅਕਤੂਬਰ, ਦਿਨ ਵੀਰਵਾਰ.....ਸੰਗਰਾਂਦ ਹੈ, ਸ਼ਾਮ ਨੂੰ ਦੀਵਾਨ ਸਜੇਗਾ।

17 ਅਕਤੂਬਰ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

18 ਅਕਤੂਬਰ, ਦਿਨ ਐਤਵਾਰ.....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

23, 24,25 ਅਕਤੂਬਰ ਜਸਵਾਲ ਪਰਿਵਾਰਾਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ।

24 ਅਕਤੂਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਸ਼ਵਿੰਦਰ ਸਿੰਘ ਮੁਕਰ ਅਤੇ ਪਰਿਵਾਰ ਵਲੋਂ ਹੋਵੇਗੀ।

24 ਅਕਤੂਬਰ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਗੁਰਮ ਅਤੇ ਪਰਿਵਾਰ ਵਲੋਂ ਹੋਵੇਗੀ।

25 ਅਕਤੂਬਰ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

1 ਨਵੰਬਰ, ਦਿਨ ਐਤਵਾਰ.....ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮਾਨ ਸਿੰਘ ਘੱਗ ਪਰਿਵਾਰ ਵਲੋਂ ਹੋਵੇਗੀ।

6 ਨਵੰਬਰ, ਦਿਨ ਸ਼ੁੱਕਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਕਮਲਜੀਤ ਸਿੰਘ ਮਨਹਾਸ ਪਰਿਵਾਰ ਵਲੋਂ ਹੋਵੇਗੀ।

7 ਨਵੰਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਰਨੈਲ ਸਿੰਘ ਬੇਦੀ ਅਤੇ ਪਰਿਵਾਰ ਵਲੋਂ ਹੋਵੇਗੀ।

7 ਨਵੰਬਰ, ਦਿਨ ਸ਼ਨਿੱਚਰਵਾਰ.....ਸ਼ਾਮ 3:00 ਵਜੇ ਨੰਬਰ ਦੋ ਦਰਬਾਰ ਹਾਲ ਵਿੱਚ ਭਾਈ ਹਰਮਿੰਦਰ ਸੀਰਾ ਵਲੋਂ ਕੁੜਮਾਈ ਦੀ ਰਸਮ ਹੋਵੇਗੀ।

8 ਨਵੰਬਰ, ਦਿਨ ਐਤਵਾਰ.....ਸਵੇਰ ਨੂੰ ਹਫਤਾਵਾਰੀ ਦੀਵਾਨ ਸਜਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਰਾਗੀ ਜਥਾ: ਭਾਈ ਦਿਨੇਸ਼ ਸਿੰਘ ਲਖਨਾਊ ਵਾਲੇ, ਭਾਈ ਪ੍ਰਵੀਨ ਸਿੰਘ ਪਾਉਂਟਾ ਸਾਹਿਬ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

ਵਿਆਹ ਸ਼ਾਦੀ ਲਈ ਰਿਸ਼ਤੇ
Matrimonials

ਲੜਕੀ ਦੀ ਲੋੜ

ਅਰੋੜਾ ਸਿੱਖ ਅੰਮ੍ਰਿਤਧਾਰੀ ਲੜਕਾ ਉਮਰ 26 ਸਾਲ, ਕੱਦ 6 ਫੁੱਟ, ਵਿਜ਼ਟਰ ਵੀਜ਼ੇ 'ਤੇ ਅਮਰੀਕਾ ਵਿੱਚ ਰਹਿ ਰਿਹਾ ਹੈ, ਸਰੀ ਬੀਸੀ ਵਿੱਚ ਹਾਈ ਸਕੂਲ ਗ੍ਰੈਜੂਏਸ਼ਨ ਪਾਸ, ਕੈਨੇਡਾ ਦਾ ਵਿਜ਼ਟਰ ਵੀਜ਼ਾ ਹੋਲਡਰ, ਵਾਸਤੇ ਕੈਨੇਡੀਅਨ ਜਾਂ ਅਮਰੀਕਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸਾਰਾ ਪਰਿਵਾਰ ਡੈਲਟਾ, ਬੀਸੀ ਵਿੱਚ ਰਹਿ ਰਿਹਾ ਹੈ। ਸੰਪਰਕ ਕਰੋ:604-652-3503 (ਵਟਸਐਪ) 18 ਨਵੰਬਰ

BRIDE WANTED

We are a Jat Sikh family looking for a suitable match for our son, a Canadian citizen living in Vancouver. He is divorced, has no children, was born in 1987, stands 6'2" tall, is handsome, does not drink, follows a vegetarian diet, and has a bachelor's degree from India. Our family is well established and financially secure. We are seeking an educated, family-oriented girl with good values. If interested, please contact us on WhatsApp at +91-9915471066 with your recent photos and biodata.

19 Oct

ਲੜਕੇ ਦੀ ਲੋੜ

ਕਨੇਡਾ ਵਿਚ ਨੈਨੀ ਵਰਕ ਪਰਮਿਟ ਤੇ ਰਹਿ ਰਹੀ ਜੱਟ ਸਿੱਖ ਲੜਕੀ 1994 ਬੌਰਨ, ਕੱਦ 5 ਫੁੱਟ 5 ਇੰਚ, ਐਮ ਏ ਪੁਲਿਟੀਕਲ ਸਾਇੰਸ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ।ਸੰਪਰਕ ਕਰੋ:1-236-688-8435 ਜਾਂ 778-829-4847

23 Oct

ਲੜਕੀ ਦੀ ਲੋੜ

ਕਨੇਡਾ ਸਰੀ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਤਲਾਕਸ਼ੁਦਾ (Short Term) ਲੜਕਾ 1998 ਬੌਰਨ, ਕੱਦ 5 ਫੁੱਟ 10 ਇੰਚ, ITI Welder, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦਾ ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ।ਤਲਾਕਸ਼ੁਦਾ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ।ਸੰਪਰਕ ਕਰੋ:
+91-9463787966 ਜਾਂ 604-338-9699 30 ਅਕਤੂਬਰ

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਪੜ੍ਹਿਆ ਲਿਖਿਆ ਲੜਕਾ ਉਮਰ 30 ਸਾਲ, ਕੱਦ 5 ਫੁੱਟ 9 ਇੰਚ, ਟਰੱਕ ਡਰਾਈਵਰ ਦੀ ਜੌਬ ਕਰ ਰਿਹਾ, ਪੰਜਾਬ ਵਿਚ ਚੰਗੀ ਜਾਇਦਾਦ ਦਾ ਮਾਲਕ, ਕਨੇਡਾ ਵਿਚ ਆਪਣਾ ਘਰ, ਸਾਰਾ ਪਰਿਵਾਰ ਕਨੇਡਾ ਵਿਚ ਸੈਟਲ ਹੈ, ਵਾਸਤੇ ਯੋਗ ਕਨੇਡੀਅਨ ਇੰਮੀਗਰਾਂਟ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ ਕਰੋ:604-720- 3981 16ਅਕਤੂਬਰ

ਲੜਕੇ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਹੀ ਜੱਟ ਸਿੱਖ ਲੜਕੀ 1991 ਬੌਰਨ, ਕੱਦ 5 ਫੁੱਟ 4 ਇੰਚ, ਗਰੈਜੂਏਟ, ਜੌਬ ਕਰ ਰਹੀ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ।ਪਰਿਵਾਰ ਦੁਆਬੇ ਨਾਲ ਸਬੰਧਤ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:604-828-2893 16ਅਕਤੂਬਰ

ਜੀਵਨ ਸਾਥਣ ਦੀ ਲੋੜ

ਸੰਘਾ ਪਰਿਵਾਰ ਨਾਲ ਸਬੰਧਤ ਕਨੇਡੀਅਨ ਸਿਟੀਜਨ ਜੱਟ ਸਿੱਖ ਤਲਾਕਸ਼ੁਦਾ, ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਨਸ਼ਾ ਰਹਿਤ, ਆਪਣਾ ਕਾਰੋਬਾਰ ਕਰ ਰਹੇ ਵਾਸਤੇ ਜੀਵਨ ਸਾਥਣ ਦੀ ਲੋੜ ਹੈ।ਜਾਤਪਾਤ ਦਾ ਕੋਈ ਬੰਧਨ ਨਹੀਂ।ਤਲਾਕਸ਼ੁਦਾ ਜਾਂ ਵਿਧਵਾ 50 ਸਾਲ ਤੋਂ ਵੱਧ ਉਮਰ ਵਾਲੀ ਤੇ ਵੀਚਾਰ ਕੀਤਾ ਜਾ ਸਕਦਾ ਹੈ।ਕਨੇਡਾ/ਇੰਡੀਆ ਤੋਂ ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ ਕਰੋ:587-718-7234 25 ਦਸੰਬਰ

Punjabi Khatri family seeks a suitable match for their 24-year-old daughter, 5'3", fair, pure vegetarian, B.V.Sc. & A.H., currently pursuing MBA in Healthcare & Hospital Management. BCSE cleared and pursuing the North American veterinary licensing pathway. Belongs to an established business family from Punjab. Contact/ WhatsApp: +91 9855527600 / +1-647-648-1250
Email: vckabrol@gmail.com

25 dec

ਲੜਕੇ ਦੀ ਲੋੜ

ਅਮਰੀਕਨ ਸਿਟੀਜਨ ਸਿਆਟਲ ਵਿਚ ਰਹਿ ਰਹੀ ਜੱਟ ਸਿੱਖ ਲੜਕੀ ਉਮਰ 36 ਸਾਲ (Unmarried), ਕੱਦ 5 ਫੁੱਟ 3 ਇੰਚ, ਮੈਡੀਕਲ ਫੀਲਡ ਵਿਚ ਜੌਬ ਕਰ ਰਹੀ ਵਾਸਤੇ ਪੜ੍ਹੇ ਲਿਖੇ ਜੱਟ ਸਿੱਖ ਲੜਕੇ (Unmarried) ਦੀ ਲੋੜ ਹੈ।ਸਿਆਟਲ ਏਰੀਏ ਨੂੰ ਪਹਿਲ ਜਾਂ ਮੂਵ ਹੋਣ ਲਈ ਚਾਹਵਾਨ ਹੋਵੇ।ਸੰਪਰਕ ਕਰੋ:425-473-0099 6 ਨਵੰਬਰ

Jatt Sikh Punjabi girl born in 1994, Working as a Microbiologist at well known company, a Canadian PR, living in British Columbia (BC), from a respectable family, seeks a suitable groom. Looking for a good-looking clean shaved , well-educated, well-settled/ working boy with good family values and a caring nature. Non-alcoholic preferred. Canadian PR/Citizen preferred; Work Permit holders may also be considered. Truck drivers don't contact Please. Serious inquiries only. WhatsApp: +91 85570-72131 | +1 437-868-2371

23 oct

ਜੱਟ ਸਿੱਖ ਪੰਧੇਰ ਪਰਿਵਾਰ ਨੂੰ ਪੱਗੜੀਧਾਰੀ ਨਸ਼ਿਆਂ ਤੋਂ ਰਹਿਤ 29 ਸਾਲਾ ਕੱਦ 6'-1" ਓਪਨ ਵਰਕ ਪਰਮਿਟ ਤੇ ਪੁੱਤਰ ਲਈ ਪੜ੍ਹੀ ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ICBC ਵਿਚ ਸਰਕਾਰੀ ਜੌਬ ਤੇ ਹੈ।ਮਾਤਾ ਪਿਤਾ ਦੋਵੇਂ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਪੈਨਸ਼ਨ ਲੈ ਰਹੇ ਹਨ। ਕਨੇਡਾ ਦੀ PR ਜਾਂ ਸਿਟੀਜ਼ਨ ਪ੍ਰੀਵਾਰਿਕ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-763-7068 ਜਾਂ ਈ ਮੇਲ ਕਰੋ gillco1977@gmail.com

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਧਾਲੀਵਾਲ ਤਲਾਕਸ਼ੁਦਾ ਲੜਕਾ ਉਮਰ 30 ਸਾਲ, ਕੱਦ 5 ਫੁੱਟ 7 ਇੰਚ, ਮਾਲਵੇ ਨਾਲ ਸਬੰਧਤ ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਵਰਲ ਪਰਮਿਟ ਵਾਲੀ ਜਾਂ ਸਟੂਡੈਂਟ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ।ਸੰਪਰਕ ਕਰੋ:778-855-5250
WhatsApp +919888180681

23 ਅਕਤੂਬਰ

---

2 ਲੜਕੀਆਂ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਲੜਕਾ ਉਮਰ 33 ਸਾਲ, ਕੱਦ 6 ਫੁੱਟ ਵਾਸਤੇ ਲੜਕੀ ਦੀ ਲੋੜ ਹੈ।ਸਿਰਫ ਉਹੀ ਸੰਪਰਕ ਕਰਨ ਜੋ ਉਸਦੇ ਇੰਡੀਆ ਰਹਿ ਰਹੇ ਭਰਾ ਉਮਰ 32 ਸਾਲ, ਕੱਦ 6 ਫੁੱਟ 2 ਇੰਚ, ITI Plumber, ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ।ਸੰਪਰਕ ਕਰੋ:778-710-0002

23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਹਿੰਦੂ ਲੜਕਾ ਉਮਰ 31 ਸਾਲ, ਕੱਦ 5 ਫੁੱਟ 3 ਇੰਚ, ਕੋਰਟ ਹਾਊਸ ਕਲਰਕ ਦੀ ਜੌਬ ਕਰ ਰਿਹਾ, ਯੂਨੀਵਰਸਿਟੀ ਗਰੈਜੂਏਟ ਵਾਸਤੇ ਵੈਜੀਟੇਰੀਅਨ, ਨਸ਼ਾ ਰਹਿਤ(ਸ਼ਰਾਬ, ਸਿਗਰਟਨੋਸ਼ੀ ਆਦਿ ਤੋਂ) ਕਨੇਡੀਅਨ ਜੰਮਪਲ ਜਾਂ ਬਚਪਨ ਵਿਚ ਕਨੇਡਾ ਆਈ ਲੜਕੀ ਦੀ ਲੋੜ ਹੈ।ਸੰਪਰਕ ਕਰੋ:778-558-8130(ਵਟਸਐਪ ਕਰੋ ਜੀ)

6 ਨਵੰਬਰ

ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦਾ ਤਲਾਕਸ਼ੁਦਾ ਲੜਕਾ ਉਮਰ 45 ਸਾਲ, ਕੱਦ 5 ਫੁੱਟ 10 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਬਿਨਾ ਬੱਚੇ ਤੋਂ ਤਾਲਾਕਸ਼ੁਦਾ ਲੜਕੀ ਵਾਲੇ ਵੀ ਸੰਰਪਕ ਕਰ ਸਕਦੇ ਹਨ।ਸੰਪਰਕ ਕਰੋ:403-540-9615 25 ਦਸੰਬਰ

ਲੜਕੀ ਦੀ ਲੋੜ

ਕਨੇਡੀਅਨ ਜੰਮਪਲ ਜੱਟ ਸਿੱਖ ਲੜਕਾ 1998 ਬੌਰਨ, ਕੱਦ 6 ਫੁੱਟ 1 ਇੰਚ, **veterinarian** ਆਪਣਾ ਬਿਜਨਸ ਕਰ ਰਿਹਾ, ਪਰਿਵਾਰ ਬੀ ਸੀ ਵਿਚ ਪੂਰੀ ਤਰ੍ਹਾਂ ਸੈਟਲਡ ਵਾਸਤੇ ਸੁਹਣੀ ਸੁਨੱਖੀ, ਲੰਮੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਲੋੜ ਹੈ।ਆਪਣਾ ਬਾਇਓਡੈਟਾ ਈਮੇਲ ਕਰੋ:
Chkd2027@gmail.com

16 dec

ਲੜਕੀ ਦੀ ਲੋੜ

ਕਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਜੱਟ ਸਿੱਖ ਲੜਕਾ ਉਮਰ 24 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਵਧੀਆ ਕੰਮ ਕਰ ਰਿਹਾ ਹੈ, ਆਪਣੇ ਪਰਿਵਾਰ ਨਾਲ ਪਿਛਲੇ 5 ਸਾਲ ਤੋਂ ਸਰੀ ਵਿਚ ਰਹਿ ਰਿਹਾ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਪਰਿਵਾਰ ਮਾਝੇ ਨਾਲ ਸਬੰਧਤ।ਸੰਪਰਕ ਕਰੋ:778-979-5222(ਵਟਸਐਪ) 23 ਅਕਤੂਬਰ

ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਲੜਕਾ ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਗਰੈਜੂਏਟ, ਵਧੀਆ ਕੰਮ ਕਰ ਰਿਹਾ ਹੈ, ਵਾਸਤੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਵਰਕ ਪਰਮਿਟ ਵਾਲੀ ਲੜਕੀ ਤੇ ਵੀਚਾਰ ਕੀਤਾ ਜਾ ਸਕਦਾ ਹੈ।ਸੰਪਰਕ ਕਰੋ:778-863-4108

6 ਨਵੰਬਰ

ਲੜਕੇ ਦੀ ਲੋੜ

ਕਨੇਡੀਅਨ ਜੰਮਪਲ ਹਿੰਦੂ ਲੜਕੀ ਉਮਰ 30 ਸਾਲ, ਕੱਦ 5 ਫੁੱਟ 3 ਇੰਚ, ਯੂਨੀਵਰਸਿਟੀ ਗਰੈਜੂਏਟ, ਸਰਕਾਰੀ ਟੀਚਰ ਦੀ ਜੌਬ ਕਰ ਰਹੀ ਵਾਸਤੇ ਵੈਜੀਟੇਰੀਅਨ ਨਸ਼ਾ ਰਹਿਤ (ਸ਼ਰਾਬ ਸਿਗਰਟਨੋਸ਼ੀ ਆਦਿ ਤੋਂ), ਕਨੇਡੀਅਨ ਜੰਮਪਲ ਜਾਂ ਬਚਪਨ ਵਿਚ ਕਨੇਡਾ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ:778-558-8130(ਵਟਸਐਪ ਕਰੋ)

6 ਨਵੰਬਰ

Bride Needed

Handsome, tall (5'11") Grewal Jat Sikh boy, born 1993, New Zealand citizen, originally from Jabalpur. Belongs to an educated, respectable family, 2 sisters settled in Canada. Seeking an educated, family-oriented Sikh girl. CONTACT:1 (236) 412-9197
WhatsApp Contact:
+91 94258 42923 or
+91 99156 57509

6 nov

ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਤਲਾਕਸ਼ੁਦਾ ਲੜਕੀ ਉਮਰ 32 ਸਾਲ, ਕੱਦ 5 ਫੁੱਟ 4 ਇੰਚ, ਪੜ੍ਹੀ ਲਿਖੀ ਵਾਸਤੇ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਆਪਣਾ ਬਾਇਓਡੈਟਾ ਅਤੇ ਤਸਵੀਰ ਭੇਜ ਸਕਦੇ ਹੋ:778-847-9522

6 nov

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ: 604-590-5200

ਰਿਸ਼ਤੇ ! ਰਿਸ਼ਤੇ ! ਰਿਸ਼ਤੇ

ਅਮਰੀਕਾ/ਕਨੇਡਾ ਅਤੇ ਇੰਡੀਆ ਤੋਂ ਹਰ ਤਰ੍ਹਾਂ ਦੇ ਬਰਾਬਰ ਦੀ ਯੋਗਤਾ ਵਾਲੇ ਰਿਸ਼ਤੇ ਕਰਾਉਣ ਲਈ ਹੇਠ ਲਿਖੇ ਨੰਬਰ ਤੇ ਕਾਲ ਕਰੋ।ਫੀਸ ਰਿਸ਼ਤਾ ਹੋਣ ਤੋਂ ਬਾਦ ਵਿਚ ਲਈ ਜਾਵੇਗੀ।ਸੰਪਰਕ ਕਰੋ ਸਿਆਟਲ:509-859-1146

ਗ੍ਰੰਥੀ ਸਿੰਘ ਅਤੇ ਤਬਲਾਵਾਦਕ ਦੀ ਲੋੜ

ਬੈਲਿੰਗਹਾਮ ਵਾਸ਼ਿੰਗਟਨ ਸਟੇਟ ਵਿਚ ਸਾਨੂੰ ਇਕ ਗ੍ਰੰਥੀ ਸਿੰਘ ਅਤੇ ਤਬਲਾਵਾਦਕ ਦੀ ਲੋੜ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-360-647-5757

ਇੰਡੀਅਨ ਕੁੱਕ ਦੀ ਲੋੜ

ਸਿਆਟਲ ਵਿਚ ਜੇ ਕੇ ਟਾਇਰ (Cascade Truck & RV Wash) ਵਾਲਿਆਂ ਨੂੰ ਫੂਡ ਟਰੱਕ ਤੇ ਕੰਮ ਕਰਨ ਲਈ ਇੰਡੀਅਨ ਕੁੱਕ ਦੀ ਲੋੜ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:1-206-245-0114

ਕਲਾਸੀਫਾਈਡ CLASSIFIEDS

Workers Wanted

0961857 BC Ltd., 5688-168St Surrey BC V3S 3X4 requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, Call at 604-760-9563, fax resume to 604- 575-7819.

Workers Wanted

Canadian Farms Produce requires Full time seasonal farm workers to work on their vegetable farms. Wages offered are $18.25 per hour Opportunity to earn incremental pay raises, performance pay and bonuses (not guaranteed) upon performance evaluation at the discretion of the employer and duties include planting, harvesting, washing and grading vegetables. This positions requires no education, formal training or work experience. Accommodation is available if required. Interested candidates should be available to work anytime in different weather conditions and must be able to lift up to 55 lbs of vegetable boxes. Please, fax resume to 604- 574- 5773. Cont

ਕਿਸੇ ਵੀ ਪ੍ਰਕਾਰ ਦੀ ਜਾਇਦਾਦ ਖਰੀਦਣ/ਵੇਚਣ ਲਈ ਸੰਪਰਕ ਕਰੋ

ਨਿਊ ਚੰਡੀਗੜ੍ਹ ਵਿਚ ਪਲਾਟ, ਕੋਠੀ ਖਰੀਦਣ ਜਾਂ ਵੇਚਣ ਲਈ ਮੇਰੇ ਨਾਲ ਸੰਪਰਕ ਕਰੋ:91-82270-01984

APC PEST CONTROL



ਕਾਕਰੋਚ, ਚੂਹੇ, ਚੂਹੀਆਂ, ਕੀੜੀਆਂ, ਪਿੱਸੂ, ਸਿਲਵਰਫਿਸ਼, ਮੱਖੀਆਂ, ਚਿੜੀਆਂ, ਕਬੂਤਰ ਅਤੇ ਕਾਟੋਆਂ ਨੂੰ ਕੰਟਰੋਲ ਕਰਨ ਲਈ (ਘਰ,ਆਫਿਸ,ਰੈਸਟੋਰੈਂਟ ਅਤੇ ਸਟੋਰਾਂ ਲਈ)

ਗੋਲੀ ਅੰਦਰ ਚੂਹਾ ਜਲੰਧਰ

ਦੇਵਿੰਦਰ ਨਾਲ ਸੰਪਰਕ ਕਰੋ

Call: 604-999-7378 (PEST)

Government Licensed & Insured Environmentally Safe

537-549

ਲੇਡੀ ਟੇਲਰ ਤੇ ਵਰਕਰ ਦੀ ਲੋੜ 17 SECTOR

ਸੈਕਟਰ 17 ਸਰੀ ਵਾਲਿਆਂ ਨੂੰ ਤਜਰਬੇਕਾਰ ਲੇਡੀ ਟੇਲਰ ਦੀ ਲੋੜ ਹੈ।ਤਨਖਾਹ ਤਜਰਬੇ ਦੇ ਆਧਾਰ ਤੇ ਵਧੀਆ ਦਿੱਤੀ ਜਾਵੇਗੀ।ਕੰਮ ਫੁੱਲ ਟਾਈਮ।ਸੰਪਰਕ ਕਰੋ:

Ph:604.594.1788

ETHNIC FOOD COOK NEEDED

H Anmol Sweets at #108 - 8363-128th St., Surrey BC., V3W4G1 requires a full time permanent **ETHNIC FOOD COOK.**

Duties : Prepare and cook complete meals or individual dishes and foods. Schedule and supervise kitchen helpers. Oversee kitchen operations. Maintain inventory and records of food, supplies and equipment. Clean kitchen and work area..

Requirements : Completion of Secondary School is required. Completion of a three year apprenticeship program for cooks and completion of college or other program in cooking or food safety or several years of commercial cooking experience is required.

Salary : $20.00/hr. based on 40 hours per week.

Qualified applicants are invited to email resume at anmolsweets@job4u.com

Mail or drop-off resumes at above address.

ਲਰਨਿੰਗ ਲਾਇਸੈਂਸ, ਸਿਟੀਜਨਸ਼ਿਪ



- ਕਾਰ, ਟੈਕਸੀ, ਬੱਸ, ਟਰੱਕ ਜਾਂ ਮੋਟਰਸਾਈਕਲ ਦੇ ਲਰਨਿੰਗ ਲਾਇਸੈਂਸ ਦੀ ਤਿਆਰੀ ਕਰਵਾਉਂਦੇ ਹਾਂ
- ਸਿਟੀਜਨਸ਼ਿਪ ਇੰਟਰਵਿਊ ਅਤੇ ਟੈਸਟ ਦੀ ਤਿਆਰੀ
- ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ

ਸੰਪਰਕ ਕਰੋ ਇਕਬਾਲ ਸਿੰਘ ਬਰਾੜ
12306-69A Ave, Surrey

604-596-9600 (ਸੈਲ), 604-591-1239

KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 22 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

FREE ESTIMATES

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill **778.896.4555**

king73renoltd@gmail.com www.king73reno.com

ਬੇਸਮੈਂਟ ਕਿਰਾਏ ਲਈ ਖਾਲੀ

ਸਰੀ ਵਿਚ 142 ਸਟਰੀਟ ਅਤੇ 68 ਐਵੇਨਿਊ ਤੇ ਸੀਨੀਅਰ ਲੇਡੀ ਨਾਲ ਘਰ ਵਿਚ ਇਕ ਕਮਰਾ Shared 1 ਜਾਂ 2 ਕੁੜੀਆਂ ਵਾਸਤੇ ਕਿਰਾਏ ਲਈ ਖਾਲੀ ਹੈ।ਸੰਪਰਕ ਕਰੋ:778-889-3261

KEEPING DREAMS ALIVE





Together we can help break the cycle of poverty.

ਪੰਜਾਬ ਦੇ ਲੋੜਵੰਦ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਪੈਰਾਂ ਤੇ ਖੜ੍ਹਾ ਕਰੀਏ।

SAF CANADA safcanada.org SAF is a registered Charitable organisation

ਸਰੀ ਦੇ ਸਥਾਨਕ ਨੌਜਵਾਨਾਂ ਵੱਲੋਂ ਸ਼ੁਰੂ ਕੀਤੇ ਸੇਵਾ ਕਾਰਜ – ਲੋੜਵੰਦਾ ਦੇ ਘਰ ਬਨਾਉਣੇ, ਬੇਸਹਾਰਾ ਬਜੁਰਗਾਂ ਨੂੰ ਮਹੀਨਾਵਾਰ ਪੈਨਸ਼ਨ, ਸਿਕਲੀਗਰ ਸਿੱਖਾਂ ਦੇ ਬੱਚਿਆਂ ਲਈ ਇਕ ਮੁਫ਼ਤ ਸਕੂਲ (110 ਬੱਚੇ), ਪੰਜਾਬ ਦੇ 200 ਬੱਚੇ ਪੜ੍ਹਾਉਣੇ-ਜਿਆਦਾਤਰ ਖੁਦਕੁਸ਼ੀ ਕ੍ਰਿਸਾਨਾ ਦੇ ਜਾਂ ਵਿਧਵਾ ਬੀਬੀਆਂ ਦੇ, 7 ਗੁਰਮਤਿ ਸੈਂਟਰ ਆਦਿ ਕਾਰਜ ਨਿਰੰਤਰ ਜਾਰੀ ਹਨ


ਐਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨ ਵਾਲੀ ਰਾਏਸ਼ੁਮਾਰੀ ਸ਼ੁਰੂ

ਐਡਮਿੰਟਨ: ਐਲਬਰਟਾ ਨੂੰ ਕੈਨੇਡਾ ਤੋਂ ਵੱਖ ਕਰਨ ਵਾਲੀ ਰਾਏਸ਼ੁਮਾਰੀ ਸ਼ੁਰੂ ਹੋ ਚੁੱਕੀ ਹੈ ਅਤੇ ਐਡਵਾਂਸ ਪੋਲਿੰਗ ਦੌਰਾਨ ਵੱਡੀ ਗਿਣਤੀ ਵਿਚ ਲੋਕ ਕਤਾਰਾਂ ਵਿਚ ਖੜ੍ਹੇ ਨਜ਼ਰ ਆਏ। ਇਲੈਕਸ਼ਨਜ਼ ਐਲਬਰਟਾ ਨੇ ਦੱਸਿਆ ਕਿ 300 ਤੋਂ ਵੱਧ ਪੋਲਿੰਗ ਸਟੇਸ਼ਨਾਂ 'ਤੇ ਲੋਕ ਪੁੱਜੇ ਜਦਕਿ ਵੋਟਿੰਗ ਦਾ ਮੁੱਖ ਦਿਨ 19 ਅਕਤੂਬਰ ਹੈ। ਐਡਮਿੰਟਨ ਦੇ ਡਾਊਨ ਟਾਊਨ ਵਿਖੇ ਸਭ ਤੋਂ ਲੰਮੀ ਕਤਾਰ ਦੇਖਣ ਨੂੰ ਮਿਲੀ ਜਿਥੇ ਹਰ ਵੋਟਰ ਨੂੰ ਵੋਟ ਪਾਉਣ ਵਾਸਤੇ ਅੱਧੇ ਘੰਟੇ ਤੋਂ ਵੱਧ ਉਡੀਕ ਕਰਨੀ ਪਈ। ਕ੍ਰਿਸਟੋਫ਼ਰ ਹਾਸ਼ਮੀ ਵਰਗੇ ਕੁਝ ਲੋਕ ਸੰਕੇਤਕ ਤੌਰ 'ਤੇ ਕੈਨੇਡੀਅਨ ਝੰਡਾ ਲੈ ਕੇ ਆਪਣੀ ਵੋਟ ਇਕਜੁਟਤਾ ਦੇ ਹੱਕ ਵਿਚ ਪਾਉਂਦੇ ਨਜ਼ਰ ਆਏ। ਫ਼ੁਰੇਬਾਜ਼ੀ, ਸ਼ੱਕੀਆਂ ਦੀ ਭਾਲ ਕਰ ਰਹੀ ਪੁਲਿਸ ਐਡਵਾਂਸ ਪੋਲਿੰਗ ਦੌਰਾਨ ਕਈ ਥਾਈਂ ਲੰਮੀਆਂ ਕਤਾਰਾਂ ਲਿਜੀ ਸੌਮਰਵਿਲ ਨੇ ਵੀ ਕੈਨੇਡਾ ਦੇ ਹਿੱਸਾ ਬਣੇ ਰਹਿਣ ਦੀ ਹਮਾਇਤ ਕੀਤੀ ਅਤੇ ਸਮਾਰਾ ਓ ਹੈਗਨ ਲੇ ਕਿਹਾ ਕਿ ਮੂਲ ਵਸਨੀਕ ਹੋਣ ਦੇ ਬਾਵਜੂਦ ਕੈਨੇਡਾ ਵਿਚ ਰਹਿਣਾ ਸਮੇਂ ਦੀ ਜ਼ਰੂਰਤ ਹੈ। ਦੱਸ ਦੇਈਏ ਕਿ ਪ੍ਰੀਮੀਅਰ ਡੈਨੀਅਲ ਸਮਿਥ ਵੱਲੋਂ ਵੋਟ ਪਾਉਣ ਵਾਲਿਆਂ ਨੂੰ 10 ਸਵਾਲ ਵੀ ਪੁੱਛੇ ਗਏ ਜਿਨ੍ਹਾਂ ਵਿਚ ਪਹਿਲਾ ਇਹ ਹੈ ਕਿ ਕੀ ਐਲਬਰਟਾ ਨੂੰ ਕੈਨੇਡਾ ਵਿਚ ਰਹਿਣਾ ਚਾਹੀਦਾ ਹੈ। ਡੈਨੀਅਲ ਸਮਿਥ ਨੇ ਬਾਕੀ 9 ਸਵਾਲਾਂ ਵਾਸਤੇ ਹਾਂ ਲਿਖਣ ਦਾ ਸੱਦਾ ਵੀ ਦਿਤਾ ਹੈ।



ਪੰਜਾਬ ਗਾਰਡੀਅਨ ਨਾਲ
ਐਡ ਪਾਓ ਅਤੇ ਆਪਣਾ
ਬਿਜ਼ਨਸ ਵਧਾਓ
ਪੰਜਾਬ
ਗਾਰਡੀਅਨ
Call to Advertise
604-590-5200

TOOR LANDSCAPING & FENCE
RESIDENTIAL & COMMERCIAL
- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।




ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ
ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ
ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ
ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।
604-729-3225
ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

SINGH RAJ
RENOVATION CO.
We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs
*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
SPECIALISTS IN
Maintain+Repair & New Installation
Reasonable Rates
20Yrs Exprienced
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.
Call Raj: 778-229-9261

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
Mandeep Dhaliwal
(Certified Electrician)
778-994-7207
Email:stormelectricltd@gmail.com

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ
Contact for Kitchen Cabinet & Counter Tops in Homes



ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ
236-234-4081

ਸੰਦਲ ਰੈਨੋਵੇਸ਼ਨ
Your's Complete Home Renovation
* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ
ਮੁਫਤ ਐਸਟੀਮੇਟ ਲਈ ਸੰਪਰਕ ਕਰੋ
ਭਿੰਦਰ : 604-725-6270

GARCHA Plumbing Heating & Repair Ltd.



ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber



ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

BT LINE PAINTING CO.
ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ
SPECIALIZING IN:
Spray & Roller Panting * Interior & Exterior * Pressure Washing*
ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।
ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੂਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ
For FREE estimates call Mr. Kulwant Singh Boyal
Cell: 604-340-7497 Res: 604-543-8064

ਕਵਿਤਾਵਾਂ

ਪਰਵਿੰਦਰ ਸਿੰਘ ਝੋਟੇ ਦੇ ਨਾਮ



ਫ਼ਿਕਰ ਕਰੀਂ ਨਾ ਮੇਰਾ ਮੁੜਕੇ ਛੇਤੀਂ ਆਵਾਂਗਾ
ਕਹਿ ਕੇ ਗਿਆ ਸੀ ਅੰਮੀਏ, ਰੋਟੀ ਮੁੜਕੇ ਖਾਵਾਂਗਾ
ਖੜ੍ਹੀ ਉਡੀਕੇ ਅੰਮੜੀ ਆਪਣੇ ਜਿਗਰ ਦੇ ਟੋਟੇ ਨੂੰ
ਯਾਦ ਕਰੂਗੀ ਦੁਨੀਆ ਸਿੰਘ ਪਰਵਿੰਦਰ ਝੋਟੇ ਨੂੰ
ਪੁੱਤ ਮਾਰਤਾ ਮਾਂ ਦਾ ਜਿਹੜਾ ਪੁੱਤ ਬਚਾਉਂਦਾ ਸੀ
ਉਹਦੀ ਹੀ ਜੜ੍ਹ ਪੱਟਤੀ ਜਿਹੜਾ ਰੁੱਖ ਲਗਾਉਂਦਾ ਸੀ
ਟੱਕ ਜਾਲਮਾਂ ਲਾਤਾ ਪਲਿਓ, ਹਰੇ ਬਰੋਟੇ ਨੂੰ
ਯਾਦ ਕਰੂਗੀ ਦੁਨੀਆ, ਸਿੰਘ ਪਰਵਿੰਦਰ ਝੋਟੇ ਨੂੰ
ਨਸ਼ਿਆਂ ਪਿੱਛੇ ਲੜਦਾ, ਕੱਫਨ ਥੱਲੇ ਕੱਜ ਗਿਆ
ਛੋਟੇ ਛੋਟੇ ਆਪਣੇ ਬੱਚੇ ਪਿੱਛੇ ਛੱਡ ਗਿਆ
ਡੈਡੀ ਕਿਓ ਨੀ ਆਇਆ ਪੁੱਛਦੀ ਦਾਦੀ ਪੋਤੇ ਨੂੰ
ਕੌਮ ਰੱਖੂਗੀ ਚੇਤੇ ਸਿੰਘ ਪਰਵਿੰਦਰ ਝੋਟੇ ਨੂੰ
ਮਰਦ ਸੂਰਮਾ ਸਿੱਧਾ ਸਾਧਾ, ਧੱਕੜ ਬੰਦਾ ਸੀ
ਵਲ ਫੇਰ ਨਾ ਕੋਈ ਸਿੱਧਾ ਫੱਕਰ ਬੰਦਾ ਸੀ
ਡਾਣਸੀਵਾਲੀਆ ਹੋਣੀ ਪੈ ਗਈ ਖੜ੍ਹੇ ਖੜੋਤੇ ਨੂੰ
ਕੌਮ ਕਰੂਗੀ ਚੇਤੇ ਸਿੰਘ ਪਰਵਿੰਦਰ ਝੋਟੇ ਨੂੰ



ਕੁਲਵੀਰ ਸਿੰਘ ਡਾਨਸੀਵਾਲ
778 863 2472

.ਗ਼ਜ਼ਲ

ਓਹੀ ਮਨ ਤੇ ਭਾਰ ਪਿਆ ਹੈ,
ਜੋ ਕੁਝ ਮਾਣਿਆ ਰੂਹ ਤੋਂ ਚੋਰੀ।
ਲਟਕ ਰਿਹਾਂ ਅਧਵਾਟੇ ਤਾਂਹੀਓਂ,
ਖਿਸਕ ਗਈ ਵਿਸ਼ਵਾਸ ਦੀ ਡੋਰੀ।
ਲੱਗਦਾ ਸੀ ਮੈਂ ਗਾਗਰ ਅੰਦਰ
ਸਾਗਰ ਭਰਨਾ ਜਾਣ ਲਿਆ ਹੈ,
ਭੁੱਲ ਗਿਆ, ਬੰਦ ਕਰਨੀ ਮੈਂ ਤਾਂ,
ਹੱਥ ਵਿਚਲੀ ਗੜਵੀ ਦੀ ਮੋਰੀ।
ਮਾਰੂਥਲ ਵਿੱਚ ਮਨ-ਹਿਰਨੋਟਾ,
ਲੱਭਦਾ ਫਿਰਿਆ ਗੰਧ ਕਸਤੂਰੀ,
ਪੱਲੇ ਪੈ ਗਈ ਖੋਟੀ ਮਾਇਆ,
ਦਿਲ ਦੀ ਕਾਲ਼ੀ,ਰੰਗ ਦੀ ਗੋਰੀ।
ਦੱਸ ਹੁਣ ਕਿੱਸਰਾਂ ਬਾਤ ਮੁਕਾਵਾਂ,
ਤੂੰ ਹੀ ਤਾਂ ਉਲਝਾਈ ਤਾਣੀ,
ਮੈਂ ਤਾਂ ਸਿਰਫ਼ ਹੁੰਗਾਰਾ ਭਰਿਆ
ਆਪੇ ਹੀ ਤੂੰ ਗੱਲ ਸੀ ਤੋਰੀ।
ਰਾਤ ਦਿਵਸ ਦੇ ਗੇੜੇ ਖਾਧੇ,
ਹੁਣ ਤਾਂ ਹੱਥ ਵਿੱਚ ਤੁੱਕਾ ਬਚਿਆ,
ਦਾਣਾ ਦਾਣਾ ਲਾਹਿਆ, ਚਿੱਥਿਆ,
ਆਪਣੇ ਹੱਥੀਂ ਛੱਲੀ ਭੋਰੀ।
ਮੋਮੀ ਕਾਗ਼ਜ਼ ਤੋਂ ਮਿਟ ਚੱਲਿਆ,
ਅੱਜ ਤੀਕਰ ਜੋ ਲਿਖਿਆ ਪੜ੍ਹਿਆ,
ਲੇਖਾ ਕਰਿਆਂ ਸਮਝ ਪਈ ਹੈ,
ਰਹਿ ਗਈ ਰੂਹ ਕੋਰੀ ਦੀ ਕੋਰੀ।
ਕਾਹਲੀ ਅੰਦਰ ਯਾਦ ਰਿਹਾ ਨਾ,
ਰਾਹ ਦੀ ਤਿਲਕਣ ਲੈ ਬੈਠੇਗੀ,
ਰੇਤੇ ਉੱਪਰ ਡੁੱਲ੍ਹ ਗਈ ਮੈਥੋਂ,
ਭਰੀ ਭਰਾਈ ਖੰਡ ਦੀ ਬੋਰੀ।



ਗੁਰਭਜਨ ਸਿੰਘ ਗਿੱ

ਪ੍ਰਾਣੀ 'ਤੇ ਪਾਣੀ

ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।
ਬਬੀਹੇ ਦੀ ਤਰ੍ਹਾਂ, ਹਰ ਬੂੰਦ ਨੂੰ ਤਰਸਦੇ,
ਕਦੀ ਕਦੀ ਨੇ, ਹਰ ਪੌਦੇ 'ਤੇ ਪ੍ਰਾਣੀ।
ਤੇ ਕਦੀ ਕੁੱਝ ਕਹਿਰ ਵੀ, ਐਸੇ ਨੇ ਟੁੱਟਦੇ,
ਜਿਸ ਦੀ ਕਹਾਣੀ, ਦੱਸੀ ਵੀ ਨਾ ਜਾਣੀ।
ਹੈ ਹੋਇਆ ਕਰੋਪ, ਇਹ ਜੀਵਨ ਦਾ ਦਾਨੀ,
ਮੰਗ ਰਿਹੈ ਜ਼ਿੰਦਗੀ ਦੀ, ਭਾਰੀ ਕੁਰਬਾਨੀ।
ਥਲ ਵੀ ਜਲ ਬਣਿਆ, 'ਤੇ ਜਲ ਤਾਂ ਹੈ ਜਲ ਹੀ,
ਇਹ ਆਈ ਹੈ ਆਫ਼ਤ, ਜਨ ਜੀਵਨ ਖਾਣੀ।
ਪਰਵਾਹ ਨਹੀਂ ਕੀਤੀ, ਕੀਤੇ ਪਰਵਾਹਾਂ ਦੀ,
ਖਵਾਜਾ ਡਕਾਰ ਗਿਆ, ਹਰ ਦਿੱਤੀ ਨਿਸ਼ਾਨੀ।
ਰੁੱਸ ਗਈ ਹੈ ਕੁਦਰਤ, ਆਪਣੀ ਹੀ ਦੁਨੀਆ ਤੋਂ,
ਮਿਟਾ ਰਹੀ ਐ ਆਪਣੀ, ਹਰ ਅਦਭੁੱਤ ਨਿਸ਼ਾਨੀ।
ਕੀ ਹੈ ਇਹ ਕ੍ਰਿਸ਼ਮਾ ਜਾਂ, ਹੈ ਇਹ ਕਰੋਪੀ?
ਕਿਉਂ ਕਰਦੀ ਹੈ ਕੁਦਰਤ, ਆਪਣੀ ਮਨ ਮਾਨੀ?
ਉੱਠ ਰਹੇ ਨੇ ਹੱਥ, ਤੋਬਾ ਤੋਬਾ ਜੋ ਕਰਦੇ,
ਲੱਭ ਰਹੇ ਸਹਾਰੇ ਲਈ, ਹਰ ਤਿਣਕਾ ਹਰ ਕਾਨੀ।
ਪਲਾਂ ਵਿੱਚ ਬਦਲ ਜਾਂਦੈ, ਸਵਰਗ ਨਰਕਾਂ ਵਿੱਚ,
ਹੈ ਅਜੀਬ ਗੋਰਖਧੰਦਾ, ਇਹ ਦੁਨੀਆ ਹੈ ਫਾਨੀ।
ਵਰ ਤੇ ਸਰਾਪ, ਹੋ ਨਿੱਬੜੇ ਨੇ ਪਾਣੀ,
ਕਿੰਨੀ ਅਨੋਖੀ ਹੈ, ਇਹ ਵੀ ਕਹਾਣੀ।

ਰਵਿੰਦਰ ਸਿੰਘ ਕੁੰਦਰਾ ਕੌਵੈਂਟਰੀ ਯੂ ਕੇ

ਪੁਰਾਣੇ ਮਾਸਟਰ ਦੀ ਨਵੇਂ ਨੂੰ ਸਲਾਹ

ਕਾਕੇ ਆ ਸੁਥਰੇ ਨੂੰ ਅਰਜ ਕੀਤੀ
ਮੈਨੂੰ ਮਾਸਟਰ ਸਰਕਾਰ ਨੇ ਲਾ ਦਿੱਤਾ
ਦੇਵੋ ਅਸ਼ੀਰਵਾਦ ਦਾਸ ਨੂੰ ਆਪਣਾ ਜੀ
ਡੱਬਾ ਲੱਡੂਆਂ ਦਾ ਚਰਨੀਂ ਟਿਕਾ ਦਿੱਤਾ
ਡੱਬਾ ਨਾਲ ਹਿਰਖ ਦੇ ਪਰਾਂ ਕੀਤਾ
ਡਾਹਢਾ ਗੁੱਸਾ ਸੁਥਰੇ ਨੂੰ ਚੜ ਗਿਆ ਓਏ
ਟਾਹਲੀ ਵਰਗਾ ਜਵਾਨ ਸੀਂ ਕੰਜਰਾ ਤੂੰ
ਇਹ ਕੇਹੇ ਕਿੱਤੇ ਵਿੱਚ ਵੜ ਗਿਆ ਓਏ
ਬਹਾਨੇਬਾਜ ਤੇ ਆਲਸੀ ਬਣ ਜਾਏਂਗਾ
ਨਾਲੇ ਢਿੱਡ ਘੜੇ ਵਾਂਗ ਵਧ ਜਾਣਾ
ਧੇਲੀ ਚਵਾਨੀ ਲਈ ਲੜੇਂਗਾ ਤੂੰ ਕੰਜਰਾ
ਨਾਲੇ ਛੇਤੀ ਭਾਂਡੇ ਵਿੱਚ ਵੜ ਜਾਣਾ
ਇਹਨਾਂ ਅਭਿਆਨਾਂ ਨੇ ਤੇਰੀ ਮੱਤ ਮਾਰ ਲੈਣੀ
ਵਿੱਚ ਸਾਲ ਦੇ ਬੀ.ਪੀ ਤੇਰਾ ਵਧ ਜਾਣਾ
ਜਿਗਰ , ਮਿਹਦਾ ਤੇ ਗੁਰਦੇ ਵੀ ਉੱਡ ਜਾਣੇ
ਜਦੋਂ ਰੋਗ ਸ਼ੂਗਰ ਵਾਲਾ ਲੱਗ ਜਾਣਾ
ਸਦਾ ਲਈ ਕੁਰਸੀ ਨਾਲ ਜੁੜ ਜਾਏਂਗਾ
ਨਾ ਤੂੰ ਉੱਠਣਾ ਤੇ ਨਾਂ ਚੱਲਣਾ ਏਂ
ਛੱਡ ਦੇਵੀਂ ਭਾਵੇਂ ਤੂੰ ਮਾਸਟਰੀ ਨੂੰ
ਏਸ ਮਾਸਟਰੀ ਨਾ ਤੈਨੂੰ ਛੱਡਣਾ ਏਂ
ਚੈਕਿੰਗ ਟੀਮਾਂ ਦੇ ਹਊਏ ਨਾਲ ਤੂੰ ਪੁੱਤਰਾ
ਭੱਜ ਭੱਜ ਵੜੇਂਗਾ ਅੰਦਰ ਨੂੰ
ਸਾਰਾ ਸਾਲ ਤੈਨੂੰ ਵੰਝ 'ਤੇ ਟੰਗ ਛੱਡਣਾ
ਫੂਕ ਛਕਾਉਣਗੇ ਪੰਜ ਸਤੰਬਰ ਨੂੰ।

-ਦੇਵਿੰਦਰ ਸਿੰਘ

In Loving Memory of Our Legend



Nasib Kaur Dial

JUNE 1913 – OCTOBER 2026

Service
Saturday, October 17, 2026 at 10:00 a.m.
Fraser River Funeral Home
2061 Riverside Rd, Abbotsford, BC

Following Antim Ardaas
Gurdwara Baba Banda Singh Bahadar
31631 South Fraser Way, Abbotsford, BC

For more information call:
Dilawar Dial 778-549-0064
Mandeep Dial 778-345-7867

IN LOVING MEMORY OF

HARJIT S. SIDHU



March 21, 1970 - October 7, 2026

Sardar Bikar S. Sidhu & Late Sardarni Harbhajan K. Sidhu & family celebrate the life of his beloved son, a father, a spouse, a brother, uncle, cousin and friend to many. Forever missed by all.

Funeral Service Details:

18 October 2026

12:30 pm
Riverside Funeral Home & Crematorium
7410 Hopcott Road Delta, B.C.

Antim Ardaas
Gurdwara Sahib Sukh Sagar 347 Wood Street
New Westminster, B.C.

Pay Your Respects
8894 116 B St. Delta B.C.
Phone: 604.596.8729

Dhaliwal Group of companies Ltd.

DHALIWAL BANQUET HALL

FISH PAKORA



Chilli Kabab



SAMOSA & TIKKI



ਅਸੀਂ ਜਿੰਨੇ ਮਰਜੀ ਬੰਦਿਆਂ ਦੀ ਕੇਟਰਿੰਗ ਵੀ ਕਰਦੇ ਹਾਂ

ਅਸੀਂ ਤੁਹਾਡੇ ਘਰ ਤੰਦੂਰ ਲਾ ਕੇ ਕੇਟਰਿੰਗ ਕਰਦੇ ਹਾਂ- ਵੈਜ ਅਤੇ ਨਾਨ ਵੈਜ

ਇੰਡੀਆ ਵਰਗੇ ਖੋਏ ਦੀ ਸਪੈਸ਼ਲ ਬਰਫੀ

ਅਸੀਂ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਦੀ ਕੇਟਰਿੰਗ ਕਰਦੇ ਹਾਂ 604-598-1165

DHALIWAL BANQUET HALL
TRUSTED QUALITY FOR DECADES
Himalaya Dairy Surrey
604-543-2421

Dhaliwal Banquet Hall
Surrey
604-598-1165

Dhaliwal Sweets
2636 Cedar Park Place
Abbotsford
604.852.2345

Dhaliwal Lounge
York Centre Surrey
604-543-2222

Dhaliwal Sweets
Vancouver
604-325-4911

Dhaliwal Sweets
Surrey
604-596-1312

Dhaliwal Bakery
#104-7790-128 St. Surrey
(Near 78th Ave.)
604-598-8889

www.dhaliwalbanquethall.co

ਸਿਹਤ ਸੰਬੰਧੀ





ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ। ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ। ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।

ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕੁਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ 'ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਐਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ 'ਤੇ ਸਫ਼ਾਈ ਦੀ ਘਾਟ, ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ



ਡਾ. ਸ਼ਵੇਤਾ
MBBS, MD & DHMS (ONT.)
Abbotsford
(604) 304-2236

ਡਾ. ਆਰ.ਐੱਸ. ਸੈਣੀ
(ਹੋਮਿਓਪੈਥ)
Surrey
(604) 502-9579



ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ। ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ 'ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।





ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ
ਜਲੰਧਰ ਵਾਲੇ

- ☆ CUSTOM MADE DIAMOND JEWELLERY OF:
- ☆ 10K, 14K,
- ☆ WHITE GOLD & PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ

6570 - Main St., (Between 49th & 50th) Vancouver BC
Ph: 604-327-3132
FAX: 604-327-0335

ਕੈਨੇਡਾ ਵੱਲੋਂ ਵਿਦਿਆਰਥੀਆਂ ਸਣੇ ਢਾਈ ਲੱਖ ਪ੍ਰਵਾਸੀਆਂ ਨੂੰ ਕੱਢਣ ਲਈ ਪ੍ਰਸਤਾਵ ਪੇਸ਼

ਕਿਊਬੈਕ- ਕੈਨੇਡਾ ਦੇ ਕਿਊਬੈਕ ਸੂਬੇ ਵਿਚ 5 ਅਕਤੂਬਰ ਨੂੰ ਹੋਈਆਂ ਚੋਣਾਂ ਵਿਚ ਜਿੱਤ ਦਰਜ ਕਰਨ ਵਾਲੀ 'ਪਾਰਟੀ ਕਿਊਬੈਕੋਇਸ' (ਪੀ.ਕਿਊ.) ਦੀ ਨਵੀਂ ਸਰਕਾਰ ਵੱਲੋਂ ਪੇਸ਼ ਕੀਤੀਆਂ ਗਈਆਂ ਇਮੀਗ੍ਰੇਸ਼ਨ ਤਜਵੀਜ਼ਾਂ ਤਹਿਤ ਵਿਦੇਸ਼ੀ ਕਾਮਿਆਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸਥਾਈ ਨਿਵਾਸੀਆਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ।

ਇਹ ਨਵੀਆਂ ਤਜਵੀਜ਼ਾਂ ਪੜ੍ਹਾਈ, ਨੌਕਰੀ ਜਾਂ ਪੱਕੇ ਤੌਰ 'ਤੇ ਵਸਣ ਦੀ ਯੋਜਨਾ ਬਣਾ ਰਹੇ ਭਾਰਤੀ ਬਿਨੈਕਾਰਾਂ ਸਮੇਤ ਕਈ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਹਾਲਾਂਕਿ ਇਹ ਪ੍ਰਸਤਾਵ ਅਜੇ ਲਾਗੂ ਨਹੀਂ ਹੋਏ ਹਨ।

ਇੰਮੀਗ੍ਰੇਸ਼ਨ ਲਾਅ ਫਰਮ 'ਫ੍ਰੈਗੋਮੇਨ' ਅਨੁਸਾਰ ਨਵੰਬਰ ਵਿਚ ਨੈਸ਼ਨਲ ਅਸੈਂਬਲੀ ਦਾ ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਆਉਣ ਵਾਲੀ ਸਾਲਾਨਾ ਇਮੀਗ੍ਰੇਸ਼ਨ ਯੋਜਨਾ ਰਾਹੀਂ ਸਰਕਾਰ ਦੇ ਇਨ੍ਹਾਂ ਪ੍ਰਸਤਾਵਾਂ ਨੂੰ ਲਾਗੂ ਕਰਨ ਬਾਰੇ ਪਹਿਲਾ ਰਸਮੀ ਸੰਕੇਤ ਮਿਲੇਗਾ।

ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੇ ਅੰਤ ਤੱਕ 'ਪਾਰਟੀ ਕਿਊਬੈਕੋਇਸ' ਕਿਊਬੈਕ ਵਿਚ ਗੈਰ-ਸਥਾਈ ਨਿਵਾਸੀਆਂ ਦੀ ਆਬਾਦੀ ਨੂੰ 5 ਲੱਖ ਤੋਂ ਘਟਾ ਕੇ 2.5 ਲੱਖ ਤੋਂ 3 ਲੱਖ ਦੇ ਵਿਚਕਾਰ ਲਿਆਉਣਾ ਚਾਹੁੰਦੀ ਹੈ।


ਇਸ ਵਰਗ ਵਿਚ ਅਸਥਾਈ ਵਿਦੇਸ਼ੀ ਕਾਮੇ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਅਸਥਾਈ ਦਰਜਾ ਰੱਖਣ ਵਾਲੇ ਹੋਰ ਲੋਕ ਸ਼ਾਮਲ ਹਨ। ਪ੍ਰਸਤਾਵ ਤਹਿਤ 'ਟੈਂਪਰੇਰੀ ਫਾਰੇਨ ਵਰਕਰ ਪ੍ਰੋਗਰਾਮ' ਅਧੀਨ ਕਾਮਿਆਂ ਦਾ ਟੀਚਾ ਮੌਜੂਦਾ 80,000 ਤੋਂ ਘਟਾ ਕੇ ਲਗਭਗ 40,000 ਕੀਤਾ ਜਾਵੇਗਾ।

ਇਸ ਤੋਂ ਇਲਾਵਾ ਇੱਕ ਹੀ ਮਾਲਕ ਨਾਲ ਬੱਝੇ ਪਰਮਿਟਾਂ ਦੀ ਬਜਾਏ ਖੇਤਰੀ ਜਾਂ ਖੇਤਰ-ਵਿਸ਼ੇਸ਼ ਵਰਕ ਪਰਮਿਟ ਦਿੱਤੇ ਜਾਣਗੇ ਅਤੇ ਖੇਤੀਬਾੜੀ ਖੇਤਰ ਦੀ ਵਿਦੇਸ਼ੀ ਕਾਮਿਆਂ 'ਤੇ ਨਿਰਭਰਤਾ ਨੂੰ ਵੀ ਧਿਆਨ ਵਿਚ ਰੱਖਿਆ ਜਾਵੇਗਾ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਪ੍ਰਸਤਾਵਿਤ ਟੀਚਾ ਮੌਜੂਦਾ 1,20,000 ਤੋਂ ਘਟਾ ਕੇ ਲਗਭਗ 50,000 ਕੀਤਾ ਜਾਵੇਗਾ।

ਆਖਿਰਕਾਰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਨਾ ਹੀ ਪਵੇਗਾ:ਟਰੰਪ

ਐਰੀਜ਼ੋਨਾ:ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਵਾਰ ਫਿਰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਬਾਰੇ ਬਿਆਨ ਦੇ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਐਰੀਜ਼ੋਨਾ ਦੇ ਬੁਲਹੈੱਡ ਸਿਟੀ ਵਿੱਚ ਇੱਕ ਰੈਲੀ ਦੌਰਾਨ ਉਨ੍ਹਾਂ ਕਿਹਾ ਕਿ ਕੈਨੇਡਾ ਆਖ਼ਰਕਾਰ ਅਮਰੀਕਾ ਦਾ 51ਵਾਂ ਸੂਬਾ ਬਣ ਜਾਵੇਗਾ। ਟਰੰਪ ਨੇ ਕੈਨੇਡਾ ਦੀਆਂ ਦੁੱਧ ਉਤਪਾਦਾਂ ਉੱਤੇ ਲੱਗੀਆਂ ਦਰਾਮਦ ਡਿਊਟੀਆਂ ਅਤੇ ਵਪਾਰਕ ਨੀਤੀਆਂ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਕੈਨੇਡਾ ਅਮਰੀਕਾ ਨਾਲ ਗਲਤ ਵਿਹਾਰ ਕਰਦਾ ਹੈ। ਉਨ੍ਹਾਂ ਗ੍ਰੀਨਲੈਂਡ ਦਾ ਜ਼ਿਕਰ ਕਰਦਿਆਂ ਵੀ ਕੈਨੇਡਾ ਬਾਰੇ ਆਪਣੀ ਟਿੱਪਣੀ ਦੁਹਰਾਈ। ਟਰੰਪ ਦੇ ਬਿਆਨ ਨਾਲ ਦੋਵਾਂ ਦੇਸ਼ਾਂ ਵਿਚਾਲੇ ਪਹਿਲਾਂ ਤੋਂ ਚੱਲ ਰਹੇ ਵਪਾਰਕ ਤਣਾਅ ਦੇ ਹੋਰ ਵਧਣ ਦੇ ਆਸਾਰ ਹਨ। ਦੂਜੇ ਪਾਸੇ, ਕੈਨੇਡਾ ਦੇ ਆਗੂ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਦੇਸ਼ ਦੀ ਖੁਦਮੁਖਤਿਆਰੀ ਅਤੇ ਆਜ਼ਾਦੀ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ।


ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ
ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: ਕਨੇਡਾ:604-518-3637(ਵਟਸਐਪ)
ਇੰਡੀਆ:91-81467-00026(ਵਟਸਐਪ)
ਜਾਂ ਈਮੇਲ ਕਰੋ hssandhupcs@gmail.com



PRABH Catering



ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ, ਜਾਗੋ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਤੇ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Professional Catering on all occasions




ਅਸੀਂ ਘਰਾਂ ਵਿਚ ਲਾਈਵ ਤੰਦੂਰੀ ਕੇਟਰਿੰਗ ਕਰਦੇ ਹਾਂ
Binder: 778.251.6900
604.588.6900



FOR ALL DENTAL NEEDS
Of Your Family & Friends
CLOVERDALE VILLAGE
DENTAL
Dr. Inderpreet Sandhu
DDS
Services Provided
· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges
Ph:604-579-0102
5635 - 176A Street, Surrey, BC (across the street from Cloverdale Library)
Cloverdalevillagedental@gmail.com

THE GRAND TAJ
BANQUET HALL
Khalsa Business Centre, 84th Ave. & 128th St., Surrey
CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special



THE GRAND EMPIRE
Perfect for Weddings, Parties, Corporate Events & More
604-594-4333
Elegant Spaces
Exceptional Service
#210-12888-80Ave, Surrey

ਹਸਗੁੱਲੇ

ਕੁੜੀ (ਪੱਪੂ ਨੂੰ), "ਸੁਣੋ, ਮੈਂ ਤੁਹਾਨੂੰ ਕੁਝ ਕਹਿਣਾ ਹੈ, ਸਮਝ ਨਹੀਂ ਆਉਂਦੀ ਕਿੱਦਾਂ ਕਹਾਂ।"

ਪੱਪੂ, "ਕਹੋ ਨਾ।"

ਕੁੜੀ, "ਮੈਂ ਮਾਂ ਬਣਨ ਵਾਲੀ ਹਾਂ॥"

ਪੱਪੂ ਨੇ ਉਸ ਨੂੰ ਟੋਕਿਆ ਅਤੇ ਕਿਹਾ, "ਨਹੀਂ, ਇਹ ਨਹੀਂ ਹੋ ਸਕਦਾ, ਕਹਿ

ਦਵੋ ਕਿ ਇਹ ਝੂਠ ਹੈ।"

ਕੁੜੀ, "ਓਏ ਬੇਵਕੂਫ ਪਹਿਲਾਂ ਪੂਰੀ ਗੱਲ ਤਾਂ ਸੁਣ, ਮੈਂ ਤੇਰੀ ਮਾਂ ਬਣਨ ਵਾਲੀ ਹਾਂ। ਤੇਰੇ ਅਮੀਰ ਪਿਤਾ ਨੇ ਮੈਨੂੰ ਕੱਲ ਹੀ ਪ੍ਰਪੋਜ਼ ਕੀਤਾ ਹੈ।"

ਪਤੀ-ਪਤਨੀ ਦੀ ਲੜਾਈ ਹੋ ਗਈ। ਅੱਧਾ ਦਿਨ ਬਿਨਾਂ ਗੱਲ ਕੀਤੇ ਬਿਤਾਉਣ ਤੋਂ ਬਾਅਦ

ਪਤਨੀ ਪਤੀ ਕੋਲ ਆਈ ਅਤੇ ਕਿਹਾ, "ਦੇਖੋ,

ਇਸ ਤਰ੍ਹਾਂ ਲੜਦੇ ਚੰਗੇ ਨਹੀਂ ਲੱਗਦੇ। ਇਕ ਕੰਮ ਕਰਦੇ ਹਾਂ, ਥੋੜ੍ਹਾ ਤੁਸੀਂ ਸਮਝੌਤਾ ਕਰੋ, ਥੋੜ੍ਹਾ ਮੈਂ ਕਰਦੀ ਹਾਂ।"

ਪਤੀ, "ਠੀਕ ਹੈ, ਦੱਸੋ ਕੀ ਕਰਨਾ ਹੈਂ ?"

ਪਤਨੀ ਬੋਲੀ, "ਸਿੰਪਲ ਹੈ, ਤੁਸੀਂ ਮੇਰੇ ਕੋਲੋਂ ਮੁਆਫੀ ਮੰਗ ਲਓ ਅਤੇ ਮੈਂ

ਤੁਹਾਨੂੰ ਮੁਆਫ਼ ਕਰ ਦਿੰਦੀ ਹਾਂ।"

ਮਰਨ ਤੋਂ ਪਹਿਲਾਂ ਪਤਨੀ ਆਪਣੇ ਪਤੀ ਨੂੰ ਬੋਲੀ, "ਦੇਖੋ! ਮੈਂ ਜਾ ਰਹੀ ਹਾਂ, ਹੁਣ ਅਸੀਂ ਸਵਰਗ ਵਿਚ ਮਿਲਾਂਗੇ।"

ਪਤਨੀ ਦੀ ਮੌਤ ਤੋਂ ਬਾਅਦ ਪਤੀ ਉਸੇ ਦਿਨ ਤੋਂ ਕਾਫੀ ਦਾਰੂ ਪੀਣ ਲੱਗਾ, ਜੂਆ ਖੇਡਣ ਲੱਗਾ ਅਤੇ ਕੁਲ ਮਿਲਾ ਕੇ ਦੁਨੀਆ ਦੇ ਸਾਰੇ ਭੈੜੇ ਕੰਮ ਕਰਨ ਲੱਗਾ। ਇਕ ਦਿਨ ਉਸ ਦੇ ਦੋਸਤ ਨੇ ਪੁੱਛਿਆ, "ਓਏ! ਯਾਰ ਕੀ ਹੋ ਗਿਆ ਹੈ ਤੈਨੂੰ ਜੋ ਇੰਨੇ ਭੈੜੇ ਕੰਮ ਕਰਨ ਲੱਗਾ ਪਿਆ ਹੈਂ ?"

ਪਤੀ ਬੋਲਿਆ, "ਯਾਰ ! ਮੈਂ ਇਹ ਸਭ ਕੁਝ ਇਸ ਲਈ ਕਰ ਰਿਹਾ ਹਾਂ ਕਿ ਭਾਵੇਂ ਕੁਝ ਵੀ ਹੋ ਜਾਵੇ ਮੈਂ ਸਵਰਗ ਨਹੀਂ ਜਾਣਾ, ਮਤਲਬ ਨਹੀਂ ਜਾਣਾ।"

ਇਕ ਪਤਨੀ ਅੱਧੀ ਰਾਤ ਨੂੰ ਕਿਚਨ ਵਿਚ ਪਾਣੀ ਪੀਣ ਗਈ ਤਾਂ ਉੱਥੇ ਇਕ 'ਚੂੜੇਲ' ਨੂੰ ਦੇਖ ਕੇ ਬਹੁਤ ਡਰ ਗਈ। ਥੋੜ੍ਹੀ ਦੇਰ ਬਾਅਦ ਉਸ ਨੂੰ ਬਹੁਤ ਬੁਖਾਰ ਚੜ੍ਹ ਗਿਆ ਅਤੇ ਉਹ ਕੰਬਣ ਲੱਗੀ।

ਸਵੇਰੇ ਡਾਕਟਰ ਆਇਆ ਤਾਂ ਪਤਨੀ ਨੇ ਸਾਰੀ ਗੱਲ ਦੱਸੀ, ਫਿਰ ਡਾਕਟਰ ਨੇ ਉਸ ਨੂੰ ਦਵਾਈ ਦਿੱਤੀ। ਜਾਂਦੇ ਵੇਲੇ ਡਾਕਟਰ ਉਸ ਦੇ ਪਤੀ ਨੂੰ ਬੋਲਿਆ, "ਭਾਈ ਸਾਬ੍ਹ ! ਕਿਚਨ ਵਿਚ ਲੱਗਾ ਸ਼ੀਸ਼ਾ ਲਾਹ ਦਿਓ ਕਿਉਂਕਿ ਜੇਕਰ ਉਹ ਦੁਬਾਰਾ ਡਰ ਗਈ ਤਾਂ ਉਸ ਦੇ ਬਚਣ ਦੀ ਉਮੀਦ ਬਹੁਤ ਘੱਟ ਹੈ।

ਪਤੀ-ਪਤਨੀ ਇਕ-ਦੂਜੇ ਦਾ ਹੱਥ ਫੜੀ ਬਾਜ਼ਾਰ 'ਚ ਜਾ ਰਹੇ ਸਨ। ਉਦੋਂ ਹੀ ਅਚਾਨਕ ਪਤੀ ਦਾ ਦੋਸਤ ਮਿਲ ਗਿਆ ਤੇ ਉਸ ਨੂੰ ਬੋਲਿਆ, "ਓਹ ਵਾਹ ਯਾਰ ! ਵਿਆਹ ਤੋਂ ਇੰਨੇ ਸਾਲਾ ਬਾਅਦ ਵੀ ਇੰਨਾ ਪਿਆਰ ਜੋ ਪਤਨੀ ਦਾ ਹੱਥ ਫੜ ਕੇ ਜਾ ਰਿਹੈਂ।"

ਪਤੀ ਬੋਲਿਆ, "ਓਏ ਕਿਹੜਾ ਪਿਆਰ, ਕਾਹਦਾ ਪਿਆਰ, ਮੈਂ ਤਾਂ ਇਸ ਦਾ ਹੱਥ

ਇਸ ਲਈ ਫੜਿਆ ਹੈ ਕਿ ਹੱਥ ਛੱਡਦੇ ਹੀ ਇਹ ਖਰੀਦਦਾਰੀ ਕਰਨ ਕਿਸੇ ਦੁਕਾਨ 'ਚ ਵੜ ਜਾਂਦੀ ਹੈ।"

ਪਤੀ ਨੇ ਪਤਨੀ ਨੂੰ ਆਪਣੇ ਵੱਸ 'ਚ ਕਰਨ ਲਈ ਇਕ ਬਾਬੇ ਕੋਲੋਂ ਤਵੀਤ ਲਿਆ।

ਇਕ ਮਹੀਨੇ ਬਾਅਦ ਉਹ ਬਾਬੇ ਕੋਲ ਗਿਆ ਤੇ ਬੋਲਿਆ, "ਬਾਬਾ ਜੀ ! ਤੁਹਾਡੇ ਦਿੱਤੇ ਤਵੀਤ ਦਾ

ਪਤਨੀ 'ਤੇ ਤਾਂ ਕੋਈ ਅਸਰ ਨਹੀਂ ਹੋਇਆ ਪਰ 'ਗੁਆਂਢਣ' ਵੱਸ 'ਚ ਆ ਗਈ।" ਬਾਬਾ, "ਚਲੋ ਕੋਈ ਗੱਲ ਨਹੀਂ ਬੇਟਾ, 'ਇਫੈਕਟ ਨਾ ਸਹੀ 'ਸਾਈਡ ਇਫੈਕਟ' ਤਾਂ ਹੋਇਆ।"

ਇਕ ਦਿਨ ਪੱਪੂ ਦੇ ਹੱਥਾਂ -ਪੈਰਾਂ 'ਤੇ ਪੱਟੀਆਂ ਬੰਨ੍ਹੀਆਂ ਦੇਖ ਕੇ ਦੋਸਤ ਨੇ ਪੁੱਛਿਆ, "ਓਏ! ਇਹ ਸਭ ਕਿਵੇਂ ਹੋਇਆ ?" ਪੱਪੂ, "ਯਾਰ ! ਫੋਨ ਦੀ ਰਿੰਗਟੋਨ ਦੀ ਵਜ੍ਹਾ ਨਾਲ।"

ਦੋਸਤ (ਹੈਰਾਨ ਹੋ ਕੇ), "ਕੀ ਮਤਲਬ ?" ਪੱਪੂ,'ਦਰਅਸਲ, ਕੱਲ ਮੇਰੀ ਗੁਆਂਢਣ ਮਰ ਗਈ ਤਾਂ ਉਸ ਦੀ ਸ਼ਮਸ਼ਾਨ ਯਾਤਰਾ

ਵੇਲੇ ਮੇਰੇ ਫੋਨ 'ਤੇ ਰਿੰਗਟੋਨ ਵੱਜਣ ਲੱਗੀ 'ਅਕੇਲੇ ਅਕੇਲੇ ਕਹਾਂ ਜਾ ਰਹੇ ਹੋ, ਹਮੇਂ ਸਾਥ ਲੈ ਲੋ ਜਹਾਂ ਜਾ ਰਹੇ ਹੋ। ਬਸ ਫਿਰ ਕੀ ਸੀ ਉਸ ਦੇ ਪਤੀ ਨੇ ਬਹੁਤ ਕੁੱਟਿਆ ।"

ਝਗੜੇ ਤੋਂ ਬਾਅਦ ਪਤਨੀ ਆਪਣੇ ਪਤੀ ਨੂੰ ਮਨਾਉਂਦੇ ਹੋਏ ਬੋਲੀ, "ਸੁਣੋ ਜੀ ! ਹੁਣ ਗੁੱਸਾ ਛੱਡ ਵੀ ਦਿਓ, ਚੱਲੋ ਖਾਣਾ ਖਾ ਲਓ, ਅੱਜ ਮਟਰ- ਪਨੀਰ ਤੇ ਚੌਲ ਬਣੇ ਹਨ।" ਪਤੀ ਗੁੱਸੇ ਨਾਲ ਬੋਲਿਆ, "ਹਾਂ-ਹਾਂ ਪਤਾ ਹੈ, ਮੈਂ ਹੀ ਤਾਂ ਬਣਾਏ ਹਨ।"

ਇਕ ਅਮਰੀਕੀ ਆਪਣੇ ਭਾਰਤੀ ਦੋਸਤ ਨੂੰ ਮਿਲਣ ਆਇਆ। ਕੁਝ ਦੇਰ ਗੱਲਬਾਤ ਤੋਂ ਬਾਅਦ ਉਹ ਬੋਲਿਆ, "ਤੁਹਾਡੇ ਦੇਸ਼ ਦੀਆਂ ਔਰਤਾਂ ਕਿੰਨੀਆਂ ਮਹਾਨ ਹਨ।" ਭਾਰਤੀ, "ਅੱਛਾ, ਉਹ ਕਿਵੇਂ ?"

ਅਮਰੀਕੀ, "ਜਦੋਂ ਮੈਂ ਕਿਸੇ ਦੂਜੇ ਭਾਰਤੀ ਦੋਸਤ ਦੇ ਘਰ ਗਿਆ ਸੀ ਤਾਂ ਦੇਖਿਆ ਕਿ

ਉਸ ਦੀ ਪਤਨੀ ਉਸ ਦੀ ਸ਼ਰਟ ਸਿਉਂ ਰਹੀ ਸੀ ਤੇ ਸਿਉਣ ਤੋਂ ਬਾਅਦ ਉਸ ਦੀ ਸ਼ਰਟ ਨੂੰ ਚੁੰਮ ਲਿਆ। ਮੇਰੀ ਇੱਛਾ ਹੈ ਕਿ ਸਾਡੀਆਂ ਪਤਨੀਆਂ ਨੂੰ ਵੀ ਇਹ ਪਿਆਰ ਤੇ ਸਨਮਾਨ ਸਿੱਖਣਾ ਚਾਹੀਦਾ ਹੈ।"

ਭਾਰਤੀ ਬੋਲਿਆ, "ਓਏ ! ਉਹ ਸ਼ਰਟ ਨੂੰ ਚੁੰਮ ਨਹੀਂ ਰਹੀ ਸੀ ਸਗੋਂ ਦੰਦਾਂ ਨਾਲ ਉਸ ਦਾ ਧਾਗਾ ਕੱਟ ਰਹੀ ਸੀ।

ਇਕ ਲੜਕੀ ਦਾ ਨਵਾਂ-ਨਵਾਂ ਵਿਆਹ ਹੋਇਆ ਤਾਂ ਸੱਸ ਆਪਣੀ ਨੂੰਹ ਨੂੰ ਗੁੱਸੇ ਨਾਲ ਬੋਲੀ, "ਕੀ ਤੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ ?" ਨੂੰਹ, "ਨਹੀਂ ਮੰਮੀ ਜੀ।"

ਸੱਸ, "ਤਾਂ ਇਹ ਗੱਲ ਤੂੰ ਵਿਆਹ ਤੋਂ ਪਹਿਲਾਂ ਕਿਉਂ ਨਹੀਂ ਦੱਸੀ ?"

ਨੂੰਹ, "ਜੀ, ਮੈਂ ਸੋਚਿਆ ਤੁਹਾਨੂੰ 'ਸਰਪ੍ਰਾਈਜ਼' ਦੇਵਾਂਗੀ।"

ਘਰ ਜਵਾਈ (ਸੱਸ ਨੂੰ), ਅੱਜ ਤੋਂ ਮੈਂ ਰੋਟੀ ਨਹੀਂ ਸਿਰਫ਼ ਚੌਲ ਖਾਵਾਂਗਾ।

ਸੱਸ, "ਅਜਿਹਾ ਕਿਉਂ ਬੇਟਾ

ਘਰ ਜਵਾਈ, "ਮੈਂ ਮੁਹੱਲੇ ਵਾਲਿਆਂ ਦੇ ਤਾਅਨੇ ਸੁਣ-ਸੁਣ ਕੇ ਥੱਕ ਗਿਆ ਹਾਂ, ਰੋਜ਼ ਕਹਿੰਦੇ ਹਨ ਕਿ ਸਹੁਰੇ ਵਾਲਿਆਂ ਦੀਆਂ ਰੋਟੀਆਂ ਤੋੜਦਾ ਹੈ।"

ਆਦਮੀ (ਦੋਸਤ ਨੂੰ), "ਯਾਰ ! ਇਹ ਪਤਨੀਆਂ ਬੁਹਤ ਸਮਝਦਾਰ ਹੁੰਦੀਆਂ ਹਨ, ਦੂਜਿਆਂ ਸਾਹਮਣੇ ਆਪਣੇ ਪਤੀ ਨੂੰ ਸਿੱਧਾ ਬੇਵਕੂਫ ਨਹੀਂ ਕਹਿੰਦੀਆਂ ਸਗੋਂ ਘੁਮਾ-ਫਿਰਾ ਕੇ ਕਹਿੰਦੀਆਂ ਹਨ।"

ਦੋਸਤ, "ਕੀ ?"

ਆਦਮੀ, "ਇਨ੍ਹਾਂ ਨੂੰ ਤਾਂ ਕੁਝ ਪਤਾ ਹੀ ਨਹੀਂ ਹੈ, ਬਹੁਤ ਸਿੱਧੇ ਹਨ, ਦੁਨੀਆਦਾਰੀ ਦੀ ਸਮਝ ਹੀ ਨਹੀਂ ਹੈ।"

ਛੋਟਾ ਬੱਚਾ (ਮਾਂ ਨੂੰ), "ਮੰਮੀ ! ਤੁਹਾਡੇ ਸਿਰ 'ਚ ਇਹ ਦੋ ਵਾਲ ਸਫੇਦ ਕਿਉਂ ਹੋ ਗਏ ਹਨ ?"

ਮਾਂ, "ਜੋ ਬੱਚੇ ਆਪਣੀ ਮੰਮੀ ਨੂੰ ਜਿੰਨਾ ਤੰਗ ਕਰਦੇ ਹਨ, ਉਨ੍ਹਾਂ ਦੀ

ਮੰਮੀ ਦੇ ਵਾਲ ਓਨੇਂ ਹੀ ਸਫੇਦ ਹੋ ਜਾਂਦੇ ਹਨ।

ਬੱਚਾ, "ਅੱਛਾ ! ਤਾਂ ਹੀ ਮੈਂ ਸੋਚਾਂ ਕਿ ਨਾਨੀ ਦੇ ਸਾਰੇ ਵਾਲ ਸਫੇਦ ਕਿਉਂ ਹੋ ਗਏ ਹਨ।"

ਪਤਨੀ ਦਾ ਪੇਕੇ ਤੋਂ ਪਤੀ ਫੋਨ ਆਇਆ, "ਹੈਲੋ! ਰੱਖੜੀ ਲੰਘ ਗਈ, ਹੁਣ ਮੈਨੂੰ ਲੈਣ ਆ ਜਾਓ।"

ਪਤੀ, "ਹਾਲੇ 15 ਅਗਸਤ ਤੱਕ ਛੁੱਟੀਆਂ ਹਨ 2-4 ਦਿਨ ਹੋਰ ਰਹਿ ਲੈ।"

ਪਤਨੀ (ਗੁੱਸੇ 'ਚ), ਜ਼ਿਆਦਾ ਹੁਸ਼ਿਆਰ ਨਾ ਬਣੋ, ਦੇਸ਼ ਆਜ਼ਾਦ ਹੋਇਆ ਹੈ, ਤੁਸੀਂ ਨਹੀਂ।"

ਇਕ ਰਾਤ ਪੱਪੂ ਦੇਰ ਨਾਲ ਘਰ ਆਇਆ ਤਾਂ ਉਸ ਦੀ ਮਾਂ ਨੇ ਪੁੱਛਿਆ, "ਇੰਨੀ ਰਾਤ ਨੂੰ ਕਿੱਥੋਂ ਆ ਰਿਹੈਂ ?"

ਪੱਪੂ, "ਕਲੱਬ 'ਚ ਡਾਂਸ ਦੇਖਣ ਗਿਆ ਸੀ।"

ਮਾਂ (ਗੁੱਸੇ ਨਾਲ), "ਹਾਏ ਰੱਬਾ ! ਤੂੰ ਉੱਥੇ ਕੁਝ ਅਜਿਹਾ ਤਾਂ ਨਹੀਂ ਦੇਖਿਆ ਜੋ ਤੈਨੂੰ ਨਹੀਂ ਸੀ ਦੇਖਣਾ ਚਾਹੀਦਾ ?" ਪੱਪੂ, "ਦੇਖਿਆ।" ਮਾਂ, "ਕੀ ?" ਪੱਪੂ, "ਪਾਪਾ ਨੂੰ।"

8888

ਮਾਸਟਰ ਜੀ (ਚਿੰਪੂ ਨੂੰ), "ਤੂੰ

ਇਕ ਨੰਬਰ ਦਾ ਨਾਲਾਇਕ ਹੈਂ, ਤੇਰਾ ਪੜ੍ਹਾਈ 'ਚ ਬਿਲਕੁਲ ਵੀ ਧਿਆਨ ਨਹੀਂ।ਅੱਛਾ ਇਹ ਦੱਸ ਕਿੰਨੇ ਵਜੇ ਸੌਂਦਾ ਏਂ ???

ਚਿੰਪੂ, "ਸਰ! ਜੇਕਰ ਕਿਤਾਬ

ਚੁੱਕ ਲਵਾਂ ਤਾਂ 9 ਵਜੇ ਤੇ ਜੇ ਫੋਨ ਚੁੱਕ ਲਵਾਂ ਤਾਂ ਰਾਤ ਨੂੰ 2 ਵਜੇ।"

ਗੱਪੂ ਬੈਠਾ ਰੋਈ ਜਾਵੇ! ਪੱਪੂ ਨੇ ਪੁੱਛਿਆ ਕੀ ਹੋ ਗਿਆ ਗੱਪੂ ?

ਗੱਪੂ:ਕਰੋਨਾ ਨੇ ਮੇਰੀ ਅੱਧੀ ਜਾਇਦਾਦ ਹੜੱਪ ਲਈ!

ਪੱਪੂ :ਉਹ ਕਿਵੇਂ?

ਗੱਪੂ:ਮੇਰੀ ਮੰਮੀ ਫਿਰ ਦੁਬਾਰਾ ਮਾਂ ਬਣਨੇ ਵਾਲੀ ਹੈ!

Injured in an accident? ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ। ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ। ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
B.Sc., L.L.B (UBC)

TRIAL LAWYERS

MANDEEP RANDHAWA LAW CORPORATION

T 604 449 7500

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

ਸਰੀ ਸਿਟੀ ਸੈਂਟਰ ਤੋਂ ਕਨਜ਼ਰਵੇਟਿਵ ਪਾਰਟੀ ਦੇ ਨੌਜਵਾਨ ਉਮੀਦਵਾਰ ZEESHAN WAHLA ਨੂੰ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ

ELECT ZEESHAN WAHLA

SURREY CITY CENTRE



CONSERVATIVE
PARTY OF BRITISH COLUMBIA



APNA MOTORS .COM

12880 KING GEORGE Blvd, SURREY BC V3T 2S9

2019 Ram 3500 Longhorn
Laramine 6.7 Cummins Diesel AISIN Transmission
$57,888
+495 documentation fee +Government Taxes



2019 Audi Q7 Technik
S-Line quattro Clean Title Local BC Vehicle
$29,888
+495 documentation fee +Government Taxes



2018 Ford F150 Lariat
4WD SuperCrew
No Accident Local Truck
$30,888
+495 documentation fee +Government Taxes



2019 Ram 1500 LIFTED
4X4 Crew Cab Clean Title
$30,888
+495 documentation fee +Government Taxes



Pre-Owened Vehicles at Good Prices

Off:604-537-1532

Email:sales@apnamotors.com
Web:www.apnamotors.com

ਆਪਣਾ ਕਾਰ ਕੇਅਰ
APNA CAR CARE

Premium Car Detailing in Surrey

Experience Unmatched Quality and Affordable Prices for Exterior and Interior Auto Detailing Services



*Car Wash
*Car Detailing
*Car Polish
*Undercoating & Paint Sealant
*Ceramic Coating
*Clay Bar
*Pet Hair Removal
*Mold Removal

24 ਸਾਲ ਤੋਂ ਵੱਧ ਦਾ ਤਜਰਬਾ
ਪ੍ਰੋਫੈਸ਼ਨਲ ਡੀਟੇਲਿੰਗ ਸਰਵਿਸ
ਵਧੀਆ ਸਰਵਿਸ/ਵਾਜਿਬ ਰੇਟ

Monday - Saturday: 9:00 am - 5:00 pm
Sunday:9:00 am - 4:00 pm

Call:
604-596-4800
#115-12677-80Ave, Surrey, BC

ਪੰਜਾਬ ਗਾਰਡੀਅਨ
www.punjabguardian.com
Tel: 604-590-5200 Fax:604-596-5700 Toll Free: 1-877-584-5200 Vol. 33 Issue No. 43 Ending Date:Oct 23, 2026



Top 1% of All Fraser Valley Realtors® 2020
based on FVREB Medallion Statistics

GRAND CENTURIAN PRODUCER

ANKUR KAUSHAL
PERSONAL REAL ESTATE CORPORATION
604-897-0006
Email:ankurkaushalprec@gmail.com

CENTURY 21 Coastal Realty Ltd.

SAMEER KAUSHAL
PERSONAL REAL ESTATE CORPORATION, B.Sc., MBA
604-897-9575
E MAIL SAMKAUSHAL@GMAIL COM



6125 132A Ave, Surrey



